ਅੰਮ੍ਰਿਤਾ ਪ੍ਰੀਤਮ

# ਨਾਗਮਣੀ

'ਸੁਨੇਹੁੜੇ' ਤੋਂ ਬਾਅਦ ਅੰਮ੍ਰਿਤਾ ਪ੍ਰੀਤਮ ਦੀ ਕਲਮ ਤੋਂ—

**ਅਸ਼ੋਕਾ ਚੇਤੀ**

ਲਾਹੌਰ ਬੁਕ ਸ਼ਾਪ ਲੁਧਿਆਣਾ ।

ਚਿਤ੍ਰਕਾਰ : ਇੰਦ੍ਰਜੀਤ

ਅੰਮ੍ਰਿਤਾ ਪ੍ਰੀਤਮ

# ਨਾਗ

# ਮਣੀ

ਪ੍ਰਕਾਸ਼ਨ

੮/੨੦ ਵੈਸਟ ਪਟੇਲ ਨਗਰ, ਨਵੀਂ ਦਿੱਲੀ

ਇਹ ਪੁਸਤਕ ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ ਵਿਚ ਛਪੀ

---

ਸਾਰੇ ਹੱਕ ਲੇਖਿਕਾ ਦੇ ਰਾਖਵੇਂ ਹਨ

ਪਹਿਲੀ ਵਾਰ, ੧੯੫੭

ਦੋ ਰੁਪਏ ਅੱਠ ਆਨੇ

ਧਰਤੀ ਦੇ ਇਸ ਰਰਨਾਂ ਉਤੋਂ
ਸੂਰਜ ਵੱਤੋਂ ਚਾਨਣ ਲੈਣਾਂ
ਤੇਰਾ ਪਿਆਰ ਸਾਗਰ ਦੀ ਲਹਿਰੀ
ਸਾਂ ਦੀਆਂ ਤੇ ਖਬਾਂ ਵਿਚ ਰੁਲਦਾਂ

ਅਸ਼ੋਕਾ ਚੇਤੀ ੯

ਕੰਨਿਆ ਕੁਮਾਰੀ ੧੩

ਤੂੰ ਨਹੀਂ ਆਇਆ ੧੭


ਮਾਨ ਸਰੋਵਰ ੨੧

ਸ਼ੌਕ ਸੁਰਾਹੀ ੨੫

ਚਾਤ੍ਰਿਕ ੨੯

ਵਾਪਸੀ ੩੩

ਦਿਲਾਂ ਦੇ ਭੇਤ ੪੧



ਹਾ ਫੁੱਲ ਅਸ਼ੋਕਾ ਚੇਤੀ

ਚੌੜੇ ਪੱਤਰ ਸਾਵੇ

ਜਿਉਂ ਸਾਗਰ ਦੀਆਂ ਲਹਿਰਾਂ ਵਿੱਚੋਂ

ਸੂਰਜ ਚੜ੍ਹਦਾ ਆਵੇ

# ਅਸ਼ੋਕਾ ਚੇਤੀ

ਅਸ਼ੋਕਾ ਅਤੇ ਚੇਤੀ ਦੋ ਫੁੱਲਾਂ ਦੇ ਮਿਲਾਪ ਤੋਂ ਬਣਿਆ ਦੱਖਣ ਭਾਰਤ ਦਾ ਇਕ ਲਾਲ ਫੁੱਲ, ਜਿਸ ਦੀ ਇਕ ਡੰਡੀ ਵਿਚੋਂ ਕੋਈ ਸੱਤਰ ਨਿੱਕੀਆਂ ਡੰਡੀਆਂ ਹੋਰ ਨਿਕਲਦੀਆਂ ਹਨ ਅਤੇ ਹਰ ਡੰਡੀ ਨੂੰ ਚਾਰ ਚਾਰ ਪੱਤੀਆਂ ਲਗਦੀਆਂ ਹਨ। ਇਹ ਫੁੱਲ ਹਰ ਮੌਸਮ ਵਿਚ ਮਿਲ ਸਕਦਾ ਹੈ।

ਸੂਹਾ ਫੁੱਲ ਅਸ਼ੋਕਾ ਚੇਤੀ
ਚੌੜੇ ਪੱਤਰ ਸਾਵੇ
ਜਿਉਂ ਸਾਗਰ ਦੀਆਂ ਲਹਿਰਾਂ ਵਿੱਚੋਂ
ਸੂਰਜ ਚੜ੍ਹਦਾ ਆਵੇ

ਨਾ ਇਹ ਸੂਰਜ ਉੱਚਾ ਹੋਵੇ
ਨਾ ਇਹ ਸੂਰਜ ਲੱਥੇ
ਧਰਤੀ ਜਿਵੇਂ ਖਲੋ ਜਾਵੇ
ਤੇ ਸਮਾਂ ਕੀਲਿਆ ਜਾਵੇ

ਤੇਰਾ ਪਿਆਰ ਅਸ਼ੋਕਾ ਚੇਤੀ
ਮੇਰੇ ਦਿਲ ਵਿਚ ਖਿੜਿਆ
ਇਕ ਨਜ਼ਰ ਦੀ ਡੰਡੀ ਉੱਤੇ
ਸੱਤਰ ਸੁਪਨਾ ਜੁੜਿਆ


ਮਿਲਣ ਘੜੀ ਦਾ ਰੱਤਾ ਜਾਦੂ
ਚਹੁੰ ਕੰਨੀਆਂ ਵਿਚ ਬੱਝਾ
ਹਰ ਇਕ ਮੌਸਮ ਏਸ ਦਹਿਲੀਜ਼ੇ
ਸੀਸ ਝੁਕਾ ਕੇ ਮੁੜਿਆ

ਤੇਰਾ ਪਿਆਰ ਅਸ਼ੋਕਾ ਚੇਤੀ
ਧਰਤੀ ਝੱਲ ਨਾ ਸੱਕੇ
ਮਨ ਦੇ ਫੁੱਲ ਮਨਾਂ ਵਿਚ ਖਿੜਦੇ
ਅੱਖੀਆਂ ਨੇ ਨਾ ਤੱਕੇ

ਪੌਣਾਂ ਦੇ ਵਿਚ ਹੌਕੇ ਵਸਦੇ
ਕਣੀਆਂ ਦੇ ਵਿਚ ਹੰਝੂ
ਲੱਖ ਅਸ਼ੋਕਾ ਚੇਤੀ ਇਸ ਦੇ
ਮਾਰੂ ਥਲ ਵਿਚ ਮੁੱਕੇ ।

ਮੁੱਕੇ ਲੱਖ ਅਸ਼ੋਕਾ ਚੇਤੀ
ਮੁੱਕੇ ਆਸ਼ਕ ਕੇਤੀ
ਲੱਖਾਂ ਨਗ਼ਮੇ ਤੜਪ ਤੜਪ ਕੇ
ਆਖਣ ਹੋਠਾਂ ਸੇਤੀ

ਸਾਡੇ ਸੁੱਚਿਆਂ ਸਾਹਵਾਂ ਅੰਦਰ
ਸੁਚੀਆਂ ਪੌਣਾਂ ਘੋਲੋ
ਦੁਨੀਆਂ ਦੇ ਇਸ ਵੇਹੜੇ ਅੰਦਰ
ਖਿੜੇ ਅਸ਼ੋਕਾ ਚੇਤੀ



ਸਾਰੇ ਸਗਣ ਜ਼ਿਮੀ ਤੇ ਡੁੱਲ੍ਹੇ

ਦੋਵੇਂ ਤਲੀਆਂ ਖ਼ਾਲੀ

ਪੱਥਰ ਬਣ ਕੇ ਅੱਜ ਖਲੋਤੀ

ਤੇਰੀ ਸਗਣਾਂ ਵਾਲੀ

# ਕੰਨਿਆ ਕੁਮਾਰੀ

ਸ਼ਿਵਾਂ ਨੂੰ ਪਿਆਰ ਕਰਨ ਵਾਲੀ ਇਕ ਕੁਮਾਰੀ ਜੁ ਦੱਖਣੀ ਭਾਰਤ ਦੀ ਆਖ਼ਰੀ ਚਟਾਨ ਕੋਲ, ਸਾਗਰਾਂ ਦੇ ਸੰਗਮ ਉੱਤੇ ਹਜ਼ਾਰਾਂ ਵਰ੍ਹਿਆਂ ਤੋਂ ਪੱਥਰ ਦਾ ਬੁੱਤ ਬਣੀ ਸ਼ਿਵਾਂ ਨੂੰ ਉਡੀਕ ਰਹੀ ਹੈ। ਆਖਦੇ ਹਨ ਕੁਮਾਰੀ ਦਾ ਤੇ ਸ਼ਿਵਾਂ ਦਾ ਵਿਆਹ-ਦਿਨ ਮਿਥਿਆ ਗਿਆ ਸੀ। ਸਵੇਰ ਸਾਰ ਕਿਸੇ ਕਾਂ ਦੇ ਬੋਲਣ ਤੋਂ ਪਹਿਲਾਂ ਵਿਆਹ ਹੋਣਾ ਜ਼ਰੂਰੀ ਸੀ, ਪਰ ਕਿਸੇ ਦੋਖੀ ਨੇ ਕਾਂ ਦੀ ਝੂਠੀ ਆਵਾਜ਼ ਵਿਚ ਕੁਰਲਾ ਦਿਤਾ ਤੇ ਵਿਆਹ ਦੀ ਘੜੀ ਉਲੰਘੀ ਗਈ। ਕੁਮਾਰੀ ਦੇ ਹੱਥ ਵਿਚ ਫੜੇ ਹੋਏ ਚੌਲ ਤੇ ਸੰਧੂਰ ਡੁੱਲ੍ਹ ਗਏ। ਉਹ ਚੌਲ ਹੁਣ ਪੱਥਰ ਹੋ ਕੇ ਸਾਗਰ ਦੇ ਕੰਕਰ ਸਿੱਪੀਆਂ ਬਣ ਗਏ ਹਨ ਤੇ ਸੰਧੂਰ ਦੇ ਡੁੱਲ੍ਹਣ ਕਰਕੇ ਉਥੋਂ ਦੀ ਸਾਰੀ ਮਿੱਟੀ ਲਾਲ ਰੰਗ ਦੀ ਹੁੰਦੀ ਹੈ।

ਸਾਗਰ ਦੇ ਵਿਚ ਸਾਗਰ ਮਿਲਿਆ
ਕੌਣ ਲਕੀਰਾਂ ਪਾਵੇ
ਲਹਿਰਾਂ ਜੀਕਣ ਨੀਲਮ ਪਰੀਆਂ
ਝੁੰਮਰ ਛਿੜਦਾ ਜਾਵੇ

ਰਾਤਾਂ ਜੀਕਣ ਰੂਪ ਸੁਰਾਹੀਆਂ
ਹੋਠਾਂ ਉੱਤੇ ਉੜੀਆਂ
ਕਿਹਾ ਸਰਾਪ ਦਿਤੋ ਈ ਸਾਨੂੰ
ਬੂੰਦ ਨਾ ਪੀਤੀ ਜਾਵੇ

ਸਾਰੇ ਸਗਣ ਜ਼ਿਮੀ ਤੇ ਡੁੱਲ੍ਹੇ
ਦੋਵੇਂ ਤਲੀਆਂ ਖ਼ਾਲੀ
ਪੱਥਰ ਬਣ ਕੇ ਅਜ ਖਲੋਤੀ
ਤੇਰੀ ਸਗਣਾਂ ਵਾਲੀ

ਤੇਰੇ ਮੂੰਹ ਦਾ ਸਦਕਾ ਸਾਨੂੰ
ਜੱਗ ਬਿਗਾਨਾ ਹੋਇਆ
ਭਰੀ ਜਵਾਨੀ ਪੱਥਰ ਕਰਕੇ
ਲਾਜ ਇਸ਼ਕ ਦੀ ਪਾਲੀ

ਇਸ ਧਰਤੀ ਦੀਆਂ ਲੱਖਾਂ ਧੀਆਂ
ਮੈਂ ਨਾ ਇਕ ਕੁਮਾਰੀ
ਇਸ਼ਕ ਸਮੇਂ ਦਾ ਪੱਥਰ ਹੋਇਆ
ਪੱਥਰ ਹੋ ਗਈ ਨਾਰੀ

ਲੱਖਾਂ ਆਸ਼ਕ ਫੜਦੇ ਰਹਿ ਗਏ
ਮਿਲਣ ਘੜੀ ਨਾ ਆਈ
ਝੂਠੇ ਕਾਉਂ ਅਜੇ ਨਾ ਮੁੱਕੇ
ਬੋਲਣ ਵਾਰੋ ਵਾਰੀ

ਲੱਖਾਂ ਬੰਧਨ ਬਣ ਕੁਰਲਾਣੇ
ਕਾਂਵਾਂ ਰੂਪ ਵਟਾਇਆ
ਨੀਤੀ ਵਿਕਦੀ ਵਾਦ ਵਿਕੇਂਦਾ
ਸਿੱਕਾ ਕੂੜ ਚਲਾਇਆ

ਚਾਵਲ ਕਣੀਆਂ ਪੱਥਰ ਹੋਈਆਂ
ਵੇਖ ਅਸਾਡਾ ਜੀਣਾ
ਮਿੱਠਾ ਫਲ ਇਸ਼ਕ ਦੀ ਟਾਹਣੀ
ਕਿਸੇ ਨਾ ਦੰਦੀਂ ਲਾਇਆ



ਜ ਫੇਰ ਤਾਰੇ ਕਹਿ ਗਏ

ਉਮਰਾਂ ਦੇ ਮਹਿਲੀਂ ਅਜੇ ਵੀ

ਹੁਸਨਾਂ ਦੇ ਦੀਵੇ ਬਲ ਰਹੇ

# ਤੂੰ ਨਹੀਂ ਆਇਆ

ਚੇਤਰ ਨੇ ਪਾਸਾ ਮੋੜਿਆ
ਰੰਗਾਂ ਦੇ ਮੇਲੇ ਵਾਸਤੇ
ਫੁੱਲਾਂ ਨੇ ਰੇਸ਼ਮ ਜੋੜਿਆ
ਤੂ ਨਹੀਂ ਆਇਆ

ਹੋਈਆਂ ਦੁਪਹਿਰਾਂ ਲੰਮੀਆਂ
ਦਾਖਾਂ ਨੂੰ ਲਾਲੀ ਛੋਹ ਗਈ
ਦਾਤੀ ਨੇ ਕਣਕਾਂ ਚੁੰਮੀਆਂ
ਤੂੰ ਨਹੀਂ ਆਇਆ

ਬੱਦਲਾਂ ਦੀ ਦੁਨੀਆਂ ਛਾ ਗਈ
ਧਰਤੀ ਨੇ ਬੁੱਕਾਂ ਜੋੜ ਕੇ
ਅੰਬਰ ਦੀ ਰਹਿਮਤ ਪੀ ਲਈ
ਤੂੰ ਨਹੀਂ ਆਇਆ

ਰੁੱਖਾਂ ਨੇ ਜਾਦੂ ਕਰ ਲਿਆ
ਜੰਗਲ ਨੂੰ ਛੋਂਹਦੀ ਪੌਣ ਦੇ
ਹੋਠਾਂ 'ਚ ਸ਼ਹਦ ਭਰ ਗਿਆ
ਤੂੰ ਨਹੀਂ ਆਇਆ

ਰੁੱਤਾਂ ਨੇ ਜਾਦੂ ਛੋਹਣੀਆਂ
ਚੰਨਾਂ ਨੇ ਪਾਈਆਂ ਆਣ ਕੇ
ਰਾਤਾਂ ਦੇ ਮੱਥੇ ਦੌਣੀਆਂ
ਤੂੰ ਨਹੀਂ ਆਇਆ

ਅੱਜ ਫੇਰ ਤਾਰੇ ਕਹਿ ਗਏ
ਉਮਰਾਂ ਦੇ ਮਹਿਲੀਂ ਅਜੇ ਵੀ
ਹੁਸਨਾਂ ਦੇ ਦੀਵੇ ਬਲ ਰਹੇ
ਤੂੰ ਨਹੀਂ ਆਇਆ

ਕਿਰਣਾਂ ਦਾ ਝੁਰਮਟ ਆਖਦਾ
ਰਾਤਾਂ ਦੀ ਗੂਹੜੀ ਨੀਂਦ ਚੋਂ
ਹਾਲੇ ਵੀ ਚਾਨਣ ਜਾਗਦਾ
ਤੂੰ ਨਹੀਂ ਆਇਆ



ਲ ਦਾ ਮਾਨ ਸਰੋਵਰ ਭਰਿਆ
ਤੇਰੀਆਂ ਯਾਦਾਂ ਈਕਣ ਆਈਆਂ
ਜਿਉਂ ਹੰਸਾਂ ਦੀ ਡਾਰ ਵੇ

# ਮਾਨਸਰੋਵਰ

ਦਿਲ ਦਾ ਮਾਨ ਸਰੋਵਰ ਭਰਿਆ
ਤੇਰੀਆਂ ਯਾਦਾਂ ਈਕਣ ਆਈਆਂ
ਜਿਉਂ ਹੰਸਾਂ ਦੀ ਡਾਰ ਵੇ।

ਰਾਹਵਾਂ ਨੇ ਅਜ ਕੇਸਰ ਧੂੜੇ
ਪਾਣੀ ਪੀਣ ਛੰਭ ਦੇ ਕੰਢੇ
ਲੱਭੀ ਜਿਵੇਂ ਬਹਾਰ ਵੇ।

ਕਿਰਣਾਂ ਜਿਉਂ ਮੌਲੀ ਦੀਆਂ ਲੜੀਆਂ
ਮੇਢੀ ਦੇ ਵਿਚ ਗੁੰਦਣ ਲੱਗੀ
ਰਾਤ ਹੋਈ ਮੁਟਿਆਰ ਵੇ।

ਸੱਤ ਸਰਘੀਆਂ ਮਹਿੰਦੀ ਘੋਲਣ
ਧਰਤੀ ਦੇ ਇਸ ਸਾਲੂ ਦਾ
ਪਰ ਲਹਿੰਦਾ ਜਾਏ ਲੰਗਾਰ ਵੇ।

ਭੋਲਾ ਇਸ਼ਕ ਧੂੜਦਾ ਜਾਦੂ
ਰੇਤ ਥਲਾਂ ਵਿਚ ਚੰਬਾ ਖਿੜਿਆ
ਚੁਣ ਚੁਣ ਗਈਆਂ ਹਾਰ ਵੇ।

ਅੱਜ ਉਡੀਕਾਂ ਜ਼ਖਮੀ ਹੋਈਆਂ
ਨਾ ਕੋਈ ਤੇਰੀ ਵਾਜ ਸੁਣੀਂਦੀ
ਨਾ ਕੋਈ ਪਵੇ ਨੁਹਾਰ ਵੇ।

ਦਿਲ ਦਾ ਮਾਨ ਸਰੋਵਰ ਭਰਿਆ
ਅੱਖੀਓਂ ਸੁੱਚੇ ਮੋਤੀ ਚੁਗਦੀ
ਇਹ ਹੰਸਾਂ ਦੀ ਡਾਰ ਵੇ।

ਦਿਲ ਦਾ ਮਾਨ ਸਰੋਵਰ ਭਰਿਆ... ... ...



ਸ਼ਕ ਪੁਛੇਂਦਾ ਦਸ ਨੀ ਜਿੰਦੇ
ਕਰਮ ਕਹੇ ਕੁ ਕੀਤੇ ?
ਜਿੰਦ ਕਹੇ "ਤੇਰੀ ਸ਼ੌਕ ਸੁਰਾਹੀਓਂ
ਦੁੱਖਾਂ ਦੇ ਦਾਰੂ ਪੀਤੇ"

# ਇਸ਼ਕ ਸਵਾਲੀ

ਇਸ਼ਕ ਪੁਛੇਂਦਾ ਦੱਸ ਜਿੰਦੇ
ਕੀਕਣ ਦਿਹੁੰ ਗੁਜ਼ਾਰੇ ?
ਜਿੰਦ ਕਹੇ "ਮੈਂ ਸੁਪਨੇ ਤੇਰੇ
ਮਹਿੰਦੀ ਨਾਲ ਸ਼ਿੰਗਾਰੇ ।"

ਇਸ਼ਕ ਪੁਛੇਂਦਾ ਦਸ ਨੀ ਜਿੰਦੇ
ਕੀਕਣ ਨੈਣ ਰੋਵੰਦੇ ?
ਜਿੰਦ ਕਹੇ "ਮੈਂ ਲੱਖਾਂ ਤਾਰੇ
ਜ਼ੁਲਫ਼ ਤੇਰੀ ਵਿਚ ਗੁੰਦੇ ।"

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਬਲੇ ਸਵਾਈ ?
ਜਿੰਦ ਕਹੇ "ਮੈਂ ਆਤਸ਼ ਤੇਰੀ
ਪੱਛੀ ਹੇਠ ਲੁਕਾਈ।"

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਵਰ੍ਹੇ ਬਿਤਾਏ ?
ਜਿੰਦ ਕਹੇ "ਮੈਂ ਸ਼ੌਕ ਤੇਰੇ ਨੂੰ
ਸੂਲਾਂ ਦੇ ਵੇਸ ਹੰਢਾਏ।"

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਘਾਉ ਕਹੇ ਕੁ ਚੰਗੇ ?
ਜਿੰਦ ਕਹੇ "ਮੈਂ ਰੱਤ ਜਿਗਰ ਦੀ
ਸਗਣਾਂ ਦੇ ਸਾਲੂ ਰੰਗੇ।"

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕਰਮ ਕਹੇ ਕੁ ਕੀਤੇ ?
ਜਿੰਦ ਕਹੇ "ਤੇਰੀ ਸ਼ੌਕ ਸੁਰਾਹੀਓਂ
ਦੁੱਖਾਂ ਦੇ ਦਾਰੂ ਪੀਤੇ।"

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਉਮਰਾ ਬੀਤੀ ?
ਜਿੰਦ ਕਹੇ "ਮੈਂ ਨਾਮ ਤੇਰੇ ਤੋਂ
ਸਦ ਕੁਰਬਾਨੇ ਕੀਤੀ ।"

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਆਸ਼ਕ ਦਾ ਕੀ ਕਹਿਣਾ ?
ਜਿੰਦ ਕਹੇ "ਤੇਰਾ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ ।"

★



ਮਹਿਫ਼ਲ ਉੱਜੜੀ ਕਲਮ ਦੇ ਆਸ਼ਕਾਂ ਦੀ

ਸੁਖ਼ਨ-ਵਰ ਨਾ ਹੁੰਦੇ ਨੇ ਰੋਜ਼ ਮੀਆਂ

# ਸ਼ਾਇਕ

ਮੇਰੀ ਕਲਮ ਵਿੱਚੋਂ ਸ਼ਾਹੀਆਂ ਸੁੱਕ ਗਈਆਂ
ਮੂੰਹੋਂ ਬੋਲਿਆ ਇੱਕ ਨਾ ਬੋਲ ਜਾਵੇ
ਤੇਰੀ ਮੌਤ ਨੇ ਜਿਹਾ ਸਵਾਲ ਪਾਇਆ
ਜਿਹਦਾ ਹੰਝੂਆਂ ਵਿੱਚ ਜਵਾਬ ਆਵੇ।

ਰੁੱਤਾਂ ਔਂਦੀਆਂ ਤੇ ਰੁੱਤਾਂ ਜਾਂਦੀਆਂ ਨੇ
ਹੁੰਦੇ ਦਿਹੁੰ ਮੁੜ ਕੇ ਰਾਤ਼ ਫੇਰ ਹੁੰਦੀ
ਕਦੇ ਓਹੋ ਜਹੀ ਰਾਤ ਵੀ ਆਣ ਪੈਂਦੀ
ਜਿਨ੍ਹਾਂ ਰਾਤਾਂ ਦੀ ਨਹੀਂ ਸਵੇਰ ਹੁੰਦੀ।

ਹੂਰਾਂ ਪਰੀ ਇਹ ਸਮੇਂ ਦੀ ਠਹਿਰਦੀ ਨਾ
ਨਾਗਣ ਮੇਢੀਆਂ ਇਹਦੀਆਂ ਕੌਣ ਗੁੰਦੇ
ਕਦੇ ਰੋਇਆਂ ਨਸੀਬ ਜੇ ਵੱਟ ਜਾਂਦੇ
ਲੱਖਾਂ ਮੂੰਹ, ਤੇ ਢੂਣੇ ਦਰਿਆ ਹੁੰਦੇ

ਮੇਲੇ ਉੱਖੜੇ ਤੇ ਛਿੰਞਾਂ ਠਹਿਰ ਗਈਆਂ
ਸੁੱਕੇ ਸਉਣ ਤੇ ਹੋਈਆਂ ਵੀਰਾਨ ਤੀਆਂ
ਮਹਿਫ਼ਲ ਉਜੜੀ ਕਲਮ ਦੇ ਆਸ਼ਕਾਂ ਦੀ
ਸੁਖ਼ਨ-ਵਰ ਨਾ ਹੁੰਦੇ ਨੇ ਰੋਜ਼ ਮੀਆਂ

ਕਲਮ ਇੰਜ ਨਾ ਕਿਸੇ ਦਾ ਕਿਹਾ ਮੰਨੇ
ਇਸ਼ਕ ਰੋਜ਼ ਨਹੀਂਉ ਮਿਹਰਬਾਨ ਹੁੰਦਾ
ਤੇਰੇ ਜਹੇ ਕੋਈ ਰਿੰਦ ਨਾ ਰੋਜ਼ ਆਉਂਦੇ
ਸਾਕੀ ਜਿੰਨ੍ਹਾਂ ਤੋਂ ਆਪ ਕੁਰਬਾਨ ਹੁੰਦਾ

ਤੇਰੇ ਪੈਰਾਂ ਨੇ ਮੰਜ਼ਲਾਂ ਮਾਰੀਆਂ ਨੇ
ਏਸ ਇਸ਼ਕ ਦੇ ਲੰਬੜੇ ਰਾਹ ਮੀਆਂ !
ਸੱਚਾ ਸੁਖ਼ਨ ਤੇਰਾ, ਤੇਰੇ ਹੱਥ ਫੜਿਆ
ਸੱਚੀ ਕਲਾ ਦੀ ਇਕ ਦਰਗਾਹ ਮੀਆਂ !

ਲੱਖਾਂ 'ਰਾਧਕਾਂ' ਤੈਨੂੰ ਸੰਦੇਸ਼ ਦਿੱਤਾ
ਲੱਖਾਂ 'ਦਿਲ' ਦੀ ਗੱਲ ਨੂੰ ਕਹਿਣਗੇ ਵੇ !
ਤੇਰੇ ਨਾਉਂ ਦੀ ਛਿੜੇਗੀ ਵਾਰ ਓਥੇ
ਜਿੱਥੇ ਚਾਰ ਬੰਦੇ ਰਲ ਬਹਿਣਗੇ ਵੇ !

ਮੇਰੀ ਕਲਮ ਵਿੱਚੋਂ ਸ਼ਾਹੀਆਂ ਸੁੱਕ ਗਈਆਂ... ... ...



ਜਿਵੇਂ ਖੜਾਵਾਂ ਪਾਕੇ ਆਉਂਦੀ

ਹਰ ਇਕ ਨਵੀਂ ਸਵੇਰ

ਅੱਜ ਸੁਨਹਿਰੀ ਧੁੱਪਾਂ ਨੱਚਣ

ਕੰਮਾਂ ਭਰੀ ਚੰਗੇਰ

# ਵਾਪਸੀ

ਦੱਖਣੀ ਵੀਅਤ ਨਾਮ ਦੇ ਪ੍ਰਸਿੱਧ ਕਵੀ ਸੂਨ ਜ਼ਿਆਓ ਨੇ ਇਕ ਕਵਿਤਾ ਮੈਨੂੰ ਸੁਗਾਤ ਦਿਤੀ ਸੀ। ਉਸ ਵਿਚਲੇ ਮਨੁਖੀ ਉਤਸ਼ਾਹ ਨੂੰ ਆਪਣੇ ਲੋਕਾਂ ਤੱਕ ਪੁਚਾਣ ਲਈ ਮੈਂ ਉਸ ਦਾ ਇਹ ਅਨੁਵਾਦ ਕੀਤਾ ਹੈ :

ਜੀਵੇ ਕੌਮ ਮਨੁੱਖਤਾ ਵਾਲੀ
ਜੀਵੇ ਜੱਗ ਕਬੀਲਾ
ਏਸ ਮਨੁੱਖੀ ਦੁਨੀਆਂ ਦਾ ਹੈ
ਟੱਬਰ ਛੈਲ ਛਬੀਲਾ

ਦੋ ਪਲਕਾਂ ਜਿਉਂ ਬਾਲ-ਅੱਖ ਦਾ
ਖੋਲਣ ਨੀਲਾ ਬੂਹਾ
ਕੁੜੀਆਂ ਦੇ ਹੋਠਾਂ ਨਾਲ ਹੋਵੇ
ਸਰਘੀ ਵੇਲਾ ਸੂਹਾ

ਟੱਬਰ ਦੇ ਵਿਚ ਪਰਤ ਪਵਾਂਗਾ।
ਫੇਰ ਮੁੜਾਂਗਾ—ਫੇਰ ਮੁੜਾਂਗਾ।

ਜਿਵੇਂ ਰਾਤ ਦੀ ਭਰੀ ਨਦੀ ਵਿਚ
ਤਰਦੀ ਇਕ ਖੁਸ਼ਬੋ
ਪਿਆਰ ਕਰਦੀਆਂ ਅੱਖੀਆਂ ਅੰਦਰ
ਇਕ ਸ਼ਰਮੀਲੀ ਲੋਅ
ਜਿਵੇਂ ਪਛਾਤੇ ਤੇ ਲੜਿਆਂਦੇ
ਹੱਥ ਕਿਸੇ ਨੂੰ ਛੋਹਣ
ਜਾਂ ਬੱਚੇ ਦੇ ਹੋਠ ਮਾਂ ਦੀ
ਛਾਤੀ ਚੁੰਘਦੇ ਹੋਣ

ਜ਼ਿੰਦਗੀ ਦੇ ਵਿਚ ਛਲਕ ਪਵਾਂਗਾ।
ਫੇਰ ਮੁੜਾਂਗਾ—ਫੇਰ ਮੁੜਾਂਗਾ।

ਮੇਰੀ ਜ਼ਿੰਦਗੀ ਮਾਂ ਅੱਜ ਗੌਂਦੀ
ਬਾਹਵਾਂ ਅਡਦੀ ਜਾਪੇ
ਇਕ ਤਰੇਲ ਦੇ ਟੇਪੇ ਅੰਦਰ
ਆਪਣਾ ਆਪ ਸਿੰਞਾਪੇ
ਕੀ ਤੈਨੂੰ ਵੀ ਚੇਤਾ ਮੇਰਾ ?
ਕਿਸੇ ਰੁੱਖ ਨੂੰ ਪੁੱਛਾਂ
ਤੁਸਾਂ ਲਈ ਮੈਂ ਸਹਿਕ ਰਿਹਾ ਸਾਂ
ਘਾਹਵਾਂ ਨੂੰ ਮੈਂ ਆਖਾਂ
ਫੁੱਲਾਂ ਦੇ ਵਿਚ ਫੁੱਲ ਖਿੜਾਂਗਾ।
ਫੇਰ ਮੁੜਾਂਗਾ — ਫੇਰ ਮੁੜਾਂਗਾ।

ਰਾਤਾਂ ਦਾ ਇਕ ਖੜਕ ਸੁਣੀਵੇ
ਅਤੇ ਦਿਨਾਂ ਦੀ ਆਹਟ
ਕੰਨਾਂ ਵਿਚ ਆਵਾਜ਼ ਕਿਸੇ ਦੀ
ਹੋਠਾਂ ਤੇ ਝਰਨਾਹਟ
ਇੱਕ ਚੁੰਘਣੀ ਪੀਂਦਾ ਬੱਚਾ
ਖੇਡੇ ਦੂਜੀ ਨਾਲ
ਜੀਵਨ ਜੋਗੇ ਏਸ "ਅੱਜ" ਨੂੰ
ਦੇਂਦਾ "ਕੱਲ੍ਹ" ਉਛਾਲ

ਰਜਵਾਂ ਰਜਵਾਂ ਪਿਆਰ ਕਰਾਂਗਾ ।
ਫੇਰ ਮੁੜਾਂਗਾ — ਫੇਰ ਮੁੜਾਂਗਾ ।

ਲਹੂ ਮਾਸ ਦਾ ਬਣਿਆ ਹੋਇਆ
ਬੁੱਤ ਮਨੁੱਖੀ ਜੀਵੇ
ਧਰਤੀ ਦਾ ਸੰਗੀਤ ਜਦੋਂ
ਅਸਮਾਨਾਂ ਵਿਚ ਸੁਣੀਵੇ
ਨੀਲੇ ਬੱਦਲਾਂ ਨੂੰ ਇਹ ਜਾ ਕੇ
ਦੇਂਦਾ ਫੇਰ ਬੁਲਾਵੇ
ਅਤੇ ਨੀਲੀਆਂ ਲਹਿਰਾਂ ਨੂੰ ਇਹ
ਮੁੜਕੇ ਸੱਦਣ ਜਾਵੇ

ਦੂਰ ਕਿਵੇਂ ਮੈਂ ਠਹਿਰ ਸਕਾਂਗਾ ।
ਫੇਰ ਮੁੜਾਂਗਾ — ਫੇਰ ਮੁੜਾਂਗਾ ।

ਜਿਵੇਂ ਖੜਾਵਾਂ ਪਾ ਕੇ ਆਉਂਦੀ
ਹਰ ਇਕ ਨਵੀਂ ਸਵੇਰ
ਅੱਜ ਸੁਨਹਿਰੀ ਧੁੱਪਾਂ ਨੱਚਣ
ਕੰਮਾਂ ਭਰੀ ਚੰਗੇਰ

ਅਜ ਮਸ਼ੀਨਾਂ ਰੇਸ਼ਮ ਕੱਤਣ
ਪੈਰ ਛਣਕਦਾ ਜਾਵੇ
ਅੱਜ ਘੂਕਦੀ ਲੱਕੜ ਮੇਰੀ
ਬਾਰੀ ਦੇ ਵਿਚ ਗਾਵੇ

ਕੰਮਾਂ ਦਾ ਸੰਗੀਤ ਸੁਣਾਂਗਾ।
ਫੇਰ ਮੁੜਾਂਗਾ — ਫੇਰ ਮੁੜਾਂਗਾ।

ਅੱਜ ਭਾਫ਼ ਦੇ ਇੰਜਨ ਮੇਰੇ
ਜਿਵੇਂ ਸਾਹ ਪਏ ਲੈਂਦੇ
ਹਸਦੇ ਗੌਂਦੇ ਬੁੱਤ ਲੋਹੇ ਦੇ
ਜੋਸ਼ ਸੀਟੀਆਂ ਦੇਂਦੇ
ਹਸਦੀ ਖਿੜਦੀ ਗੱਲਾਂ ਕਰਦੀ
ਨਵੀਂ ਮਨੁੱਖਤਾ ਗਾਵੇ
ਕਿਹੜਾ ਏਸ ਉਸਾਰੀ ਵਿਚ ਨਾ
ਆਪਣਾ ਹਿੱਸਾ ਪਾਵੇ

ਨਵਾਂ ਮਨੁੱਖੀ ਗੀਤ ਰਚਾਂਗਾ।
ਫੇਰ ਮੁੜਾਂਗਾ — ਫੇਰ ਮੁੜਾਂਗਾ।

ਜ਼ੋਰ ਜ਼ਬਰ ਦਾ ਅਤੇ ਕਹਿਰ ਦਾ
ਔਖਾ ਵੇਲਾ ਹੜਿਆ
ਮੇਰਾ ਵੀਅਤ ਨਾਮ ਹੁਣ ਹਸਦੇ
ਫੁੱਲਾਂ ਵਾਂਗਣ ਖਿੜਿਆ
ਮੇਰੇ ਵੀਅਤ ਨਾਮ ਦੀਆਂ ਧੀਆਂ
ਪੱਛੀ ਚੁੱਕ ਕੇ ਖੜੀਆਂ
ਬੈਕ ਨਿਨਾਹ ਦੇ ਵਾਂਗ ਸੋਹਣੀਆਂ
ਸਭਨੀਂ ਥਾਵੀਂ ਕੁੜੀਆਂ

ਫੇਰ ਪਿਆਰ ਦਾ ਗੀਤ ਗਵਾਂਗਾ ।
ਫੇਰ ਮੁੜਾਂਗਾ — ਫੇਰ ਮੁੜਾਂਗਾ ।

ਕੌਮੀਂ ਰੁੱਝੇ ਹੱਥਾਂ ਉਤੇ
ਫੁੱਲ ਖੁਸ਼ੀ ਦੇ ਮਹਿਕੇ
ਰੌਣਕ ਅੱਜ ਮਨੁੱਖੀ ਵੇਹੜੇ
ਆਉਣ ਲਈ ਪਈ ਸਹਿਕੇ

ਕੇਡਾ ਜੀਊਂਦਾ ਕੇਡਾ ਪਿਆਰਾ
ਅੱਜ ਮਨੁੱਖੀ-ਵੇਹੜਾ
ਏਸ ਮਨੁੱਖੀ ਮਹਿਫ਼ਲ ਵਿੱਚੋਂ
ਦੂਰ ਜਾਏਗਾ ਕੇਹੜਾ !

ਜ਼ਿੰਦਗੀ ਨੂੰ ਮੈਂ ਆਖ ਦਿਆਂਗਾ।
ਫੇਰ ਮੁੜਾਂਗਾ — ਫੇਰ ਮੁੜਾਂਗਾ।



ਾਵਾਂ ਤੇ ਧੀਆਂ ਰਲ ਬੈਠੀਆਂ

ਕਰਦੀਆਂ ਗੱਲੋੜੀਆਂ

# ਦਿਨਾਂ ਦੇ ਉਤ

## ਮਾਂ

ਪੰਜਾਬ ਦੀ ਤਵਾਰੀਖ਼

## ਧੀ

ਸਮੇਂ ਦੀ ਜਵਾਨੀ

## ਪ੍ਰਵੇਸ਼

ਧੀ : “ਸੁਣ ਨੀ ਮਾਏ ਮੇਰੀਏ !
ਅੱਜ ਇਕ ਗੱਲ ਸੁਣਾ
ਭੇਤ ਦਿਲਾਂ ਦੇ ਰਾਂਗਲੇ
ਮੇਰੇ ਨਾਲ ਵਟਾ”

ਮਾਂ : “ਸੁਣ ਨੀ ਧੀਏ ਮੇਰੀਏ !
ਅਜੇ ਤੂੰ ਅੱਲ੍ਹੜ ਜਾਨ
ਸੁੱਚੇ ਮੋਤੀ ਦਿਲਾਂ ਦੇ
ਐਵੇਂ ਨਾ ਰੁਲ ਜਾਣ”

ਧੀ : "ਸੁਣ ਨੀ ਮਾਏ ਮੇਰੀਏ !
ਜਾਣ ਦਿਲਾਂ ਦੀ ਸਾਰ
ਅੰਗਣ ਦੇ ਵਿਚ ਖੇਡਦੀ
ਮੈਂ ਹੋਈ ਮੁਟਿਆਰ"

ਮਾਂ : "ਬਿਖੜਾ ਇਸ਼ਕ ਲੁਕਾਈ ਦਾ
ਮੰਗੇ ਜੀਵਨ ਦਾਨ
ਔਖਾ ਹਰਫ਼ ਪਛਾਨਣਾ
ਔਖਾ ਨਾਉਂ ਲਿਖਾਣ"

ਧੀ : "ਸੁਣ ਨੀ ਜੀਵਨ ਦਾਤੀਏ !
ਦੇਹ ਮੈਨੂੰ ਪਹਿਚਾਣ
ਪੀਂਘਾਂ ਪੀਹੜੇ ਰਾਂਗਲੇ
ਦਿਲ ਨੂੰ ਨਾ ਪਰਚਾਣ"

ਮਾਂ : "ਸੁਣ ਨੀ ਜੀਵਨ ਜੋਗੀਏ !
ਦੂਨੀ ਸੁਹਾਵਾ ਦੇਸ
ਥਾਂ ਥਾਂ ਫੜਨ ਸੁਗੰਧੀਆਂ
ਕਰ ਕਰ ਰੰਗਲੇ ਵੇਸ"

ਧੀ : “ਸੁਣ ਨੀ ਮਾਏ ਭੋਲੀਏ !
ਵਾਜਾਂ ਮਾਰੇ ਪੌਣ
ਸੁਪਨੇ ਦੇ ਵਿਚ ਆਣ ਕੇ
ਪਰਬਤ ਚੀਰੇ ਕੌਣ ?”

ਮਾਂ : “ਸੁਣ ਨੀ ਧੀਏ ਮੇਰੀਏ !
ਸੁਪਨੇ ਝੂਠਾ ਦੇਸ
ਨਾਮ “ਜਵਾਨੀ” ਆਖਦੇ
ਬੜਾ ਛਲਾਵਾ ਵੇਸ”

ਧੀ : “ਸੁਣ ਨੀ ਮਾਏ ਮੇਰੀਏ !
ਸਾਗਰ ਦਿਆਂ ਹੰਗਾਲ
ਰਾਤਾਂ ਦੇ ਇਸ ਰਾਹ ਤੇ
ਸੂਰਜ ਦੇਵਾਂ ਬਾਲ”

ਮਾਂ : “ਸੁਣ ਨੀ ਧੀਏ ਮੇਰੀਏ !
ਪੌਣਾਂ ਹੱਥ ਨਾ ਔਣ
ਨਾਗਾਂ ਜਹੀਆਂ ਮੇਢੀਆਂ
ਕੀਲ ਸਕੇਗਾ ਕੌਣ”

ਧੀ : "“ਸੁਣ ਨੀ ਮਾਏ ਮਹਿਰਮੇ !
ਚਿਣਗ ਜਿੰਨ੍ਹਾਂ ਦੇ ਵਿੱਚ
ਪੈਂਡੇ ਬੈਠ ਉਡੀਕਦੇ
ਮੰਜ਼ਲ ਲੈਂਦੀ ਖਿੱਚ”"

Good

ਤਵਾਰੀਖ਼ ਨੇ ਹੱਸ ਕੇ
ਵਰਕੇ ਦਿੱਤੇ ਖੋਹਲ
“ਸੁਣ ਨੀ ਧੀਏ ਸੋਹਣੀਏ !
ਬਹਿ ਜਾ ਮੇਰੇ ਕੋਲ :

## ੧

"ਧਰਤੀ ਅੰਗਣ ਮੋਕਲਾ
ਲੋਕ ਵੱਡਾ ਪਰਵਾਰ
ਭਾਰਤ ਪੀਹੜਾ ਰਾਂਗਲਾ
ਅੰਗਣ ਦੇ ਵਿਚਕਾਰ ।

ਚੌਦਾਂ ਅੰਗ ਸਹੇਲੀਆਂ
ਉੱਚੇ ਪੀਹੜੇ ਬਹਿਣ
ਕੱਖੀਂ ਭਾਹ ਛੁਪਾਈਏ
ਲਾਟਾਂ ਬਲ ਬਲ ਪੈਣ ।

ਸੱਭੇ ਕੁੜੀਆਂ ਸੋਹਣੀਆਂ
ਗੁੱਝੀ ਰਹੇ ਨਾ ਹੀਰ,
ਬੰਨ੍ਹ ਕਥੂਰੀ ਰੱਖੀਏ
ਜਾਏ ਵਲਿੱਖਾਂ ਚੀਰ।

ਧਰਤੀ ਦੇਸ ਪੰਜਾਬ ਦੀ
ਹੂਰਾਂ ਵਿੱਚੋਂ ਹੂਰ,
ਵਾਵਾਂ ਝੋਲਣ ਪੱਖੀਆਂ
ਮੱਥਾ ਚੁੰਮੇ ਨੂਰ।

ਅੰਬਰ ਲਹਿੰਗਾ ਭੇਜਿਆ
ਧਰਤ ਲੁਆਈ ਲੌਣ,
ਪੈਰੀਂ ਤਾਰੇ ਬੰਨ੍ਹ ਕੇ
ਰਾਤਾਂ ਝੁੰਮਰ ਪੌਣ।

ਇਸ ਦੇ ਪਹਿਲੇ ਵਾਕ ਨੂੰ
ਕਹਿੰਦੇ ਪਹਿਲਾ ਵੇਦ,
ਦੀਵਾ ਬਾਲ ਕੇ ਰੱਖਿਆ
ਮੰਜ਼ਲ ਵਾਲੀ ਸੇਧ।

## ੨

"ਅਗਲਾ ਬੋਲ ਜੁ ਬੋਲਿਆ
ਫੁੱਲਾਂ ਭਰੀ ਚੰਗੇਰ
ਘੁਲੀਆਂ ਸੱਤ ਸੁਗੰਧੀਆਂ
ਪੌਣਾਂ ਵਿਚ ਚੁਫ਼ੇਰ ।

ਠੰਢੇ ਸੀਰੇ ਪਿਆਰ ਦੀ
ਕਿਤੇ ਨਾ ਦਿੱਸੇ ਥੋੜ
ਹੱਥੀਂ ਛਾਵਾਂ ਆਖਦੇ
ਇਸ ਦੇ ਪਿੱਪਲ ਬੋਹੜ !

ਧਰਤੀ ਕਾਜ ਰਚਾਉਂਦੀ
ਚੇਤਰ ਆਵੇ ਮੇਲ
ਗਿੱਧਾ ਮਾਹੀਆ ਭੰਗੜਾ
ਬੂਹੇ ਚੋਂਦਾ ਤੇਲ

ਘਰ ਘਰ ਮੰਡਲ ਵੱਜਦਾ
ਘੋੜੀ ਚੜ੍ਹੇ ਵਸਾਖ
ਧਰਤੀ ਮੱਥਾ ਚੁੰਮ ਕੇ
ਝੋਲੀ ਪਾਵੇ ਦਾਖ਼

ਕਣਕਾਂ ਡੋਲੀ ਪੈਂਦੀਆਂ
ਕੁੜੀਆਂ ਗੌਣ ਸੁਹਾਗ
ਜੇਠ ਜੁ ਪਾਣੀ ਵਾਰਦਾ
ਧੁੱਪਾਂ ਮੰਗਣ ਲਾਗ

ਅੰਬ ਜੁ ਪੱਕਣ ਹਾੜ ਦੇ
ਆਵੇ ਰਸੀਆ ਸਉਣ
ਕੋਇਲਾਂ ਗਾਵਣ ਸੋਹਿਲੇ
ਕਣੀਆਂ ਝੁੰਮਰ ਪੌਣ

ਬੱਦਲ ਭਰਦਾ ਮਿਹਰ ਦਾ
ਉੱਛਲੇ ਕੰਢਿਆਂ ਤੀਕ
ਘੜਾ ਜੁ ਭਰਦਾ ਭਾਦਰੋਂ
ਪੈਲੀ ਲਾਵੇ ਡੀਕ

ਰੁੱਤ ਫਿਰੇ ਲਟਬਾਵਰੀ
ਸੌਂਦੀ ਅੰਬਰ ਤਾਣ
ਬੱਦਲ ਜ਼ੁਲਫ਼ਾਂ ਕਾਲੀਆਂ
ਅਸੂ ਗੁੰਦੇ ਆਣ

ਕੱਤਕ ਫੁੱਲ ਕਪਾਹ ਦੇ
ਰੇਸ਼ਮ ਪੈ ਜਾਏ ਮਾਤ
ਮੱਘਰ ਚਰਖਾ ਰਾਂਗਲਾ
ਕੱਤੇ ਪੋਹ ਦੀ ਰਾਤ

ਮਾਘ ਜੁ ਭਾਂਡਾ ਮੋਕਲਾ
ਫੱਗਣ ਘੋਲੇ ਰੰਗ
ਖੇਤ ਜਿਵੇਂ ਫੁਲਕਾਰੀਆਂ
ਚੇਤਰ ਲਈਆਂ ਮੰਗ

ਕਿਰਤੀ ਬਾਹਵਾਂ ਇਹਦੀਆਂ
ਸੁਪਨੇ ਦੇਣ ਉਸਾਰ
ਹਲ ਪੰਜਾਲੀ ਰਾਂਗਲੀ
ਦੇਂਦੀ ਖੇਤ ਖਿਲਾਰ

ਪੰ-ਜੇ ਪਾਣੀ ਆਖਦੇ
ਧਰਤੀ ਨੂੰ ਪ੍ਰਣਾਮ
ਮਲ ਮਲ ਨ੍ਹਾਵਣ ਗੋਰੀਆਂ
ਲੈਣ ਗੁਰਾਂ ਦਾ ਨਾਮ

ਇਸ਼ਕ ਤਪੇ ਤੰਦੂਰ ਜਿਉਂ
ਜਿੰਦਾਂ ਬਾਲਣ ਪਾਣ
ਪੇੜੇ ਟੁੱਕਣ ਦਿਲਾਂ ਦੇ
ਹੁਸਨ ਪਲੇਥਣ ਲਾਣ :

"ਆਹ ਲੈ ਛਲੜੇ ਅਪਣੇ
ਤੇ ਸਾਡਾ ਦਿਲ ਮੋੜ
ਕੱਚਾ ਧਾਗਾ ਪਿਆਰ ਦਾ
ਟੁੱਟ ਸਕੇ ਤਾਂ ਤੋੜ !

ਸ਼ੱਕਰ ਹੋਵੇ ਵੰਡ ਲਾਂ
ਰੂਪ ਨਾ ਵੰਡਿਆ ਜਾਏ
ਧਾਗਾ ਹੋਵੇ ਤੋੜ ਲਾਂ
ਪ੍ਰੀਤ ਨਾ ਤੋੜੀ ਜਾਏ

ਜੇ ਤੂੰ ਚੱਲਿਓਂ ਚਾਕਰੀ
ਸਾਨੂੰ ਬੋਝੇ ਪਾ !
ਜਿੱਥੇ ਆਵੇ ਰਾਤੜੀ
ਕੱਢ ਕਲੇਜੇ ਲਾ !"

੩

"ਸੁਣ ਨੀ ਧੀਏ ਮੇਰੀਏ !
ਇਹ ਮੇਰਾ ਪੰਜਾਬ,
ਬੈਠ ਹਜ਼ੂਰੀ ਏਸ ਦੀ
ਇਹ ਇਕ ਪਾਕ ਕਿਤਾਬ।

ਹਰਫ਼ ਸੁਨਹਿਰੀ ਏਸ ਦੇ
ਅਮਨ, ਅਹਿੰਸਾ, ਤਿਆਗ,
ਸਮਿਆਂ ਵਾਲੀ ਰਾਤ ਵਿਚ
ਜਗਦੇ ਜਿਵੇਂ ਚਿਰਾਗ਼।

ਰੰਗ ਜੁ ਇਸ਼ਕ ਖੁਦਾਇ ਦਾ
ਰੱਤਾ ਸ਼ੇਖ ਫ਼ਰੀਦ,
ਖ਼ੈਰ ਜੁ ਮੰਗੀ ਬੰਦਗੀ
ਆਸ਼ਕ ਪਾਈ ਦੀਦ ।

"ਫ਼ਰੀਦਾ ਖ਼ਾਲਕੁ ਖਲਕ ਮਹਿ
ਖਲਕ ਵਸੈ ਰਬ ਮਾਹਿ
ਮੰਦਾ ਕਿਸਨੋ ਆਖੀਐ
ਤਿਸੁ ਬਿਨੁ ਕੋਈ ਨਾਹਿ"

"ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ
ਵਸੀ ਰਬੁ ਹਿਆਲੀਐ
ਜੰਗਲੁ ਕਿਆ ਢੂੰਢੇਹਿ"

"ਦਰ ਦਰਵੇਸੀ ਗਾਖੜੀ"
ਦੇਂਦਾ ਇਸ਼ਕ ਆਵਾਜ਼ ।
"ਰਾਤ ਕਥੂਰੀ ਵੰਡੀਐ"
ਲਈ ਫ਼ਰੀਦ ਵਿਹਾਜ ।

ਸਗਵਾਂ ਸਗਵਾਂ ਚੰਨ ਫਿਰ
ਅਰਸ਼ੋਂ ਲੱਥਾ ਆਣ
ਧਰਤੀ ਮੱਥੇ ਸੋਭਦਾ
ਨਾਨਕ ਸੱਚ ਨਿਸ਼ਾਣ ।

ਅੰਬਰ ਵੁੱਠੇ ਮੇਘਲਾ
ਧਰਤੀ ਫੁੱਟੇ ਆਸ
ਪੌਣ ਸੁਗੰਧਾਂ ਝੁੱਲੀਆਂ
ਰੰਗਾਂ ਪਾ ਲਈ ਰਾਸ

"ਕੋਟਿ ਕੋਟੀ ਮੇਰੀ ਆਰਜਾ"
ਧਰਤੀ ਹੋਈ ਨਿਹਾਲ
"ਆਪੇ ਬਹੁ ਬਿਧਿ ਰੰਗਲਾ
ਸਖੀਏ ਮੇਰਾ ਲਾਲ"

ਮਾਨ ਸਰੋਵਰ ਆਖਦਾ :
ਕੁਦਰਤ ਤੋਂ ਬਲਿਹਾਰ
ਹੰਸ ਮੇਰੇ ਘਰ ਆਇਆ
ਮੋਤੀ ਦੇਵਾਂ ਵਾਰ !

ਰੁੱਤਾਂ ਗਾਵਣ ਸੋਹਿਲੇ
ਧੰਨ ਭਲਾ ਸੰਜੋਗ,
ਧੰਨ ਭਲੀ ਉਹ ਥਾਉਂ ਹੈ
ਮਿਲੇ ਰਾਜ ਤੇ ਜੋਗ !

ਰਲ ਕੇ ਬਹਿਣ ਸਹੇਲੀਆਂ
ਚਾਨਣ ਭਿੱਜੀ ਰਾਤ,
ਮਿਲ ਕੇ ਕਰਨ ਕਹਾਣੀਆਂ
ਸਾਹਿਬ ਮੇਰੇ ਦੀ ਬਾਤ

ਬਾਤਾਂ ਸਾਹਿਬ ਸੰਦੀਆਂ
ਵੱਟ ਗਈ ਤਕਦੀਰ,
ਕਾਲਾ ਕੱਪੜ ਭੇਖ ਦਾ
ਨਾਨਕ ਦਿੱਤਾ ਚੀਰ ।

"ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚਿ ਆਵੈ ਧੂੜਿ"

ਇਕ ਦਰ ਮੰਡਪ ਮਾੜੀਆਂ
ਇਕ ਦਰ ਨਾ ਸੀ ਢੋਕ,
ਰਾਜੇ ਰੱਤ ਨਚੋੜਦੇ
ਛਿੱਲਾਂ ਵਰਗੇ ਲੋਕ ।

ਕਰਮ ਕਾਂਡ ਦਾ ਵੇਲਣਾ
ਛਿੱਲਾਂ ਦਏ ਨਪੀੜ,
ਦੁੱਖਾਂ ਖੋਰੀ ਜਿੰਦ ਦੀ
ਕਿਸੇ ਨਾ ਜਾਤੀ ਪੀੜ ।

ਉਤੋਂ ਕੋਂਹਦਾ ਜਿੰਦ ਨੂੰ
"ਕਲਿਕਾਤੀ" ਦਾ ਵਾਰ,
ਸਹਿਮੀ ਜਿੰਦੂ ਸਿਸਕਦੀ
ਘਾਇਲ ਪੰਛੀ ਹਾਰ :

"ਜਿੰਨ੍ਹੀ ਸੱਚ ਨਬੇੜਿਆ
ਮੈਂ ਕੁਰਬਾਨੇ ਤੁੱਧ
"ਹੱਕ ਪਰਾਇਆ ਰੱਤ ਹੈ
ਮਿਹਨਤ ਸੁੱਚਾ ਦੁੱਧ"

“ਪ ਰ ਮੁਰੀਦਾ ਪਿਰਹੜੀ”
ਗਾਵੇ ਫਿਰ ਗੁਰਦਾਸ
“ਹਉਂ ਤਿਸ ਵਿਟਹੁ ਵਾਰਿਆ”
ਸਮਾਂ ਰਚਾਵੇ ਰਾਸ

ਸੌ ਮੁਸ਼ਕੰਬਰ ਘੋਲਕੇ
ਕੇਸਰ ਰੰਗ ਰਲਾਇ
ਮਿਹਰ ਮੁਹੱਬਤ ਆਸ਼ਕੀ
ਛੁਪਦੀ ਨਾਹਿ ਛੁਪਾਇ

ਲਖ ਲਖ ਬਾਵਨ ਚੰਦਨਾ
ਪਹੁੰਚਣ ਨਾ ਉਸ ਤੀਕ
ਲੱਖ ਕਪੂਰ ਕਥੂਰੀਆਂ
ਲੰਘ ਨਾ ਸੱਕੀਆਂ ਲੀਕ

ਬੱਦਲ ਭਰਿਆ ਮਿਹਰ ਦਾ
ਮੋਰਾਂ ਬੱਧੀ ਪੈਲ
ਗੁਰਮੁਖ ਪੈਰ ਸਕਾਰਥੇ
ਮਾਰਗ ਹੋ ਗਏ ਸਹਿਲ ।

ਜਿੰਦ ਤਿਹਾਈ ਪਾਣੀਓਂ
ਸਾਂਹਵੇਂ ਮੀਲਾਂ ਰੇਤ
ਲੱਭਾ ਸ਼ਾਹ ਹੁਸੈਨ ਨੇ
ਸਾਹਿਬ ਸੰਦਾ ਭੇਤ।

ਰੱਤਾ ਰੰਗ ਜੁ ਸਾਹਿਬ ਦਾ
ਰੰਗ ਮਜੀਠਾ ਲਾਲ :
"ਰਾਂਝਣ ਰਾਂਝਣ ਕੂਕਦੀ
ਰਾਂਝਣ ਮੇਰੇ ਨਾਲ

ਧੂੰਏਂ ਫੋਲ ਹੁਸੈਨ ਨੇ
ਲੀਤੇ ਲਾਲ ਪਛਾਣ,
ਹੁਸਨ ਸੁਹਾਵਾ ਤਿੰਨ੍ਹਾਂ ਦਾ
ਇਸ਼ਕ ਜਿੰਨ੍ਹਾਂ ਦੇ ਹਾਣ।

ਮੁੱਖ ਭਲਰੇ ਤਿੰਨ੍ਹਾਂ ਦੇ
ਸਾਈਂ ਜਿੰਨ੍ਹਾਂ ਦੀ ਛਾਪ,
ਅੰਦਰ ਆਪੇ ਬਾਹਰ ਆਪੇ
ਮਹਿਰਮ ਹੋਇਆ ਆਪ।

ਵੇਦ ਕਤੇਬਾਂ ਕਹਿੰਦੀਆਂ
ਅੱਜ ਅਸੀ ਕੁਰਬਾਨ
ਸੱਚਾ ਅੱਖਰ ਇਸ਼ਕ ਦਾ
ਬੁੱਲ੍ਹੇ ਲਿਆ ਪਛਾਣ :

"ਇਸ਼ਕ ਅੱਲਾ ਦੀ ਜ਼ਾਤ
ਭੱਠ ਨਿਮਾਜ਼ਾਂ ਸਭ
ਰਲ ਮਿਲ ਦਿਓ ਵਧਾਈਆਂ
ਮੈਂ ਵਰ ਲੱਧਾ ਰੱਬ।

ਇਹ ਜੁ ਝੰਗੀ ਇਸ਼ਕ ਦੀ
ਵਿੱਚ ਬੁਲੇਂਦਾ ਮੋਰ
ਮੰਦਰ ਮੱਕਾ ਵੇਖਿਆ
ਤੈਥੋਂ ਨਾ ਕੁਝ ਹੋਰ।

ਲੋਕਾਂ ਭਾਣੇ ਚਾਕ ਨੀ
ਮੇਰਾ ਮੁਰਸ਼ਦ ਸੋਇ
ਜਿੱਥੇ ਸੱਜਣ ਸੁਣੀਂਦਾ
ਉੱਥੇ ਕਾਬਾ ਹੋਇ।"

P.B.

## ੪

"ਸੁਣ ਨੀ ਧੀਏ ਮੇਰੀਏ !
ਇਹ ਧਰਤੀ ਦੀ ਬਾਤ,
ਸੂਲਾਂ ਸੇਜ ਹੰਢਾਉਂਦੇ
ਇਸ਼ਕ ਜਿਨ੍ਹਾਂ ਦੀ ਜ਼ਾਤ ।

ਹੱਡ ਜਿਨ੍ਹਾਂ ਦੇ ਪ੍ਰੀਤੀਆਂ
ਗੌਂਦੇ ਦੀਪਕ ਰਾਗ,
ਬੱਤੀ ਵਟਦੇ ਉਮਰ ਦੀ
ਬਲਦੇ ਵਾਂਗ ਚਿਰਾਗ਼ ।

ਇੱਕ ਦਿਹਾੜੇ ਦਿਲਾਂ ਦਾ
ਆਇਆ ਇਕ ਸੁਲਤਾਨ
ਪ੍ਰੀਤ ਰੰਝਾਣੇ ਆਸ਼ਕਾਂ
ਮਹਿਰਮ ਲਿਆ ਪਛਾਣ

"ਰੱਜ ਸਲਾਮਾਂ ਮੇਰੀਆਂ"
ਕਬਰੋਂ ਉੱਠੀ ਹੀਰ
ਵਾਰਸ ਦੇਸ ਪੰਜਾਬ ਦਾ
ਜਿੰਨ੍ਹੇ ਪਛਾਤੀ ਪੀੜ

ਰਾਂਝਣ ਆਖੇ : "ਬੇਲੀਆ
ਲੱਧਾ ਰੱਬ ਰਸੂਲ
ਸੂਲਾਂ ਵਿੱਧੇ ਸਿਰਾਂ ਦਾ
ਸਜਦਾ ਕਰੀਂ ਕਬੂਲ !

ਇਸ਼ਕ ਭਲੇਰੀ ਚੁੱਪ ਹੈ
ਵੇਦਨ ਜਿਸ ਦੀ ਜੀਭ
ਕਲਮ ਤੇਰੀ ਦਾ ਆਸਰਾ
ਹੋਇਆ ਅੱਜ ਨਸੀਬ।"

ਧੂੰਏਂ ਧੁੱਖਣ ਦਿਲਾਂ ਦੇ
ਵਾਰਸ ਲੱਗਾ ਸੇਕ
ਸੱਜਣ ਦੀ ਦਰਗਾਹ ਤੇ
ਉਮਰਾ ਦਿੱਤੀ ਟੇਕ

ਸੋਨ-ਸੁਰਾਹੀ ਪਿਆਰ ਦੀ
ਵਾਰਸ ਭਰਿਆ ਜਾਮ
ਪੀਂਦਾ ਦੁੱਖ ਬਿਗਾਨੜੇ
ਲੈ ਸੱਜਣ ਦਾ ਨਾਮ

ਇਸ਼ਕ ਇਬਾਦਤ ਜਿੰਨ੍ਹਾਂ ਦੀ
ਰੱਬ ਨਾ ਰਹਿੰਦੇ ਅੱਡ
ਇੱਕੋ ਮਜ਼ਹਬ ਖ਼ੁਦਾ ਦਾ
ਰਚੇ ਤਿੰਨਾਂ ਦੇ ਹੱਡ

ਵਾਰਸ ਦੀਵਾ ਬਾਲਿਆ
ਚਾਨਣ ਉਠੇ ਜਾਗ
ਜੋਤ ਜਗਾਇਆ ਜੋਤ ਨੂੰ
ਰਾਹੀਂ ਬਲੇ ਚਿਰਾਗ਼

ਉਹੀਓ ਸਦੀ ਅਠ੍ਹਾਰਵੀਂ
ਹਾਸ਼ਮ ਆਇਆ ਵੱਤ
ਇਸ਼ਕ ਸੁਗਾਤਾਂ ਦਿੱਤੀਆਂ
ਪੱਛੀ ਆਤਸ਼ ਘੱਤ

ਹਾਸ਼ਮ ਆਖੇ "ਬੇਲੀਆ
ਕਰ ਇਕ ਡੂੰਘਾ ਵਾਰ
ਦਿਲ ਦੀ ਰੱਤ ਨਚੋੜ ਕੇ
ਪਾਵਾਂ ਅੱਖਰ ਚਾਰ"

ਇਹ ਜੁ ਮੱਥਾ ਇਸ਼ਕ ਦਾ
ਜਿਸ ਨੇ ਤੱਕਿਆ ਨੂਰ
ਕੀ ਸੱਸੀ ਕੀ ਸਾਹਿਬਾਂ
ਕੀ ਮਜਨੂੰ ਮਨਸੂਰ !

ਹਾਸ਼ਮ ਫੜੀਆਂ ਕਾਨੀਆਂ
ਸੀਨੇ ਲੱਗੀ ਸਾਂਗ
ਅੱਖਰ ਢਹਿੰਦੇ ਤੜਪਦੇ
ਘਾਇਲ ਪੰਛੀ ਵਾਂਗ।

ਨਗ਼ਮਾਂ ਲੱਭੇ ਸੁਰਾਂ ਨੂੰ
ਆਈ ਮਿਲਣ ਦੀ ਰਾਤ
ਹੁਸਨ ਜੁ ਦੀਵਾ ਬਾਲਦਾ
ਭੰਬਟ ਇੱਕੋ ਜ਼ਾਤ ।

ਚਿਣਗ ਜੁ ਦਿੱਤੀ ਰੱਬ ਨੇ
ਮੁੱਲ ਨਾ ਵਿਕਦੀ ਵੱਥ
ਧੂਣੀ ਤੱਪੇ ਜਿੰਦ ਦੀ
ਆਸ਼ਕ ਸੇਕੇ ਹੱਥ ।

## ੫

“ਪਰੀ ਸੁਤੰਤਰਤਾ ਦੀ
ਲਗਰਾਂ ਜਹੀ ਮੁਟਿਆਰ
ਕਿਰਣਾਂ ਗੁੰਦਣ ਮੇਢੀਆਂ
ਧੁੱਪਾਂ ਕਰਣ ਸ਼ਿੰਗਾਰ

ਛਾਵਾਂ ਫੇਰਨ ਚੌਰੀਆਂ
ਰੂਪ ਚੁਕਾਵੇ ਮੁੱਲ
ਹੋਠਾਂ ਉੱਤੇ ਗੀਤ ਜਿਉਂ
ਝੜਨ ਚਰਾਗੋਂ ਫੁੱਲ

ਆਇਆ ਇਕ ਬਹੁਰੂਪੀਆ
ਸੱਤ ਸਮੁੰਦਰ ਚੀਰ,
ਹੱਥ ਸੁਗਾਤਾਂ ਰੇਸ਼ਮੀ
ਬੋਝੇ ਜ਼ਹਿਰੀ ਤੀਰ ।

ਮੂੰਹੋਂ ਮੰਗੀ ਆਣ ਕੇ
ਮਿੱਤ੍ਰਤਾ ਦੀ ਖ਼ੈਰ,
ਜ਼ਹਿਰੀ ਤੀਰ ਨੇ ਮਲਕੜੇ
ਛੋਹੇ ਪਰੀ ਦੇ ਪੈਰ ।

ਪੈਰ ਤੜਪ ਕੇ ਆਖਦਾ :
"ਇਹ ਮਿੱਤ੍ਰ ਦਾ ਵਾਰ
ਤੇਰਾ ਤੀਰ ਕਰੂੰਡਲਾ
ਬੁੱਕਲ ਦੇ ਵਿਚਕਾਰ ।

ਧਰਤੀ ਕਣਕਾਂ ਵਿਹੁਲੀਆਂ
ਅੰਬਰ ਵਿਹੁਲਾ ਨੀਰ
ਕਾਲੇ ਅੱਖਰ ਲਿਖਣਗੇ
ਇਹ ਤੇਰੀ ਤਸਵੀਰ"

ਕੱਟਕ ਚੜ੍ਹਿਆ ਕਹਿਰ ਦਾ
ਝੋਲੀ ਪੈ ਗਈ ਹਾਰ,
ਟੁੱਟ ਟੁਟ ਪੈਣ ਜਵਾਨੀਆਂ
ਜਿਉਂ ਝੜਦੇ ਅੰਗਿਆਰ ।

ਤੜਪੀ ਜਿੰਦ ਸੁਵੰਨਵੀਂ
ਨੀਲੇ ਹੋ ਗਏ ਹੋਠ ।
ਅੱਜ ਫਰੰਗੀ ਦੇਸ ਦੇ
ਭੁੱਜੇ ਉੱਗਣ ਮੋਠ ।

ਜ਼ਹਿਰ ਚੜ੍ਹੇ ਚੜ੍ਹ ਸ਼ੂਕਦਾ
ਅੰਗ ਹੋਏ ਬੇਜਾਨ,
ਪਰੀ ਸੁਤੰਤਰਤਾ ਦੀ
ਸੁੱਤੀ ਪੱਲੜੇ ਤਾਣ ।

ਮਾਵਾਂ ਦੁੱਧ ਜੁ ਸੁੱਕਿਆ
ਨਦੀਆਂ ਸੁੱਕਾ ਨੀਰ ।
ਸ਼ਾਹ ਮੁਹੰਮਦ ਰੋ ਪਿਆ
ਰੋ ਉਠੀ ਤਕਦੀਰ ।

ਚੜ੍ਹੇ ਸਾਲ ਸਤਵਿੰਜਵਾਂ
ਹੋਇਆ ਗ਼ਦਰ ਮਹਾਨ,
ਰੱਤ ਘਟਾ ਚੜ੍ਹ ਆਈਆਂ
ਧਰਤੀ ਲਹੂ ਲੁਹਾਣ ।

ਤੱਕੇ ਜਦ ਪੰਜਾਬ ਨੇ
ਲਾਸ਼ਾਂ ਦੇ ਅੰਬਾਰ,
ਵਾਰ ਅਖ਼ੀਰੀ ਚੁੰਮ ਕੇ
ਸੁੱਟ ਦਿਤੇ ਹਥਿਆਰ ।"

## ੬

ਧੀ : "ਮਾਏ ਨੀ ਸੁਣ ਮੇਰੀਏ !
ਸੁਣਿਆ ਜਾਏ ਨਾ ਹੋਰ
ਜਿੰਦ ਡਲੀ ਜੁ ਲੂਣ ਦੀ
ਹੰਝੂਆਂ ਦਿੱਤੀ ਖੋਰ"

ਮਾਂ : "ਧੀਏ ਨੀ ਸੁਣ ਮੇਰੀਏ !
ਪੱਥਰ ਕਰ ਲੈ ਜਿੰਦ
ਲੋਕ-ਇਸ਼ਕ ਦੇ ਜਾਮ ਚੋਂ
ਹੰਝੂ ਪੀਂਦੇ ਰਿੰਦ"

ਸੁਣ ਨੀ ਧੀਏ ਮੇਰੀਏ
ਭੁੱਖ ਨਚੋੜੇ ਰੂਪ,
ਜੇਲ੍ਹੀਂ ਸੀਖਾਂ ਹੱਸ ਕੇ
ਲਈ ਜਵਾਨੀ ਚੂਪ।

ਸੁੰਗੜ ਗਈਆਂ ਬਰਕਤਾਂ
ਛੰਨਾਂ ਗਈਆਂ ਫੈਲ,
ਰੋਈਆਂ ਰੱਜ ਅਟਾਰੀਆਂ
ਜੂਠੇ ਹੋ ਗਏ ਮਹਿਲ।

ਕਣਕਾਂ ਉਗ ਉਗ ਹਾਰੀਆਂ
ਸੱਖਣੇ ਅੰਦਰ ਬਾਹਰ,
ਖੰਭ ਜੁ ਲੱਗੇ ਦੌਲਤਾਂ
ਉੱਡਣ ਪਰਲੇ ਪਾਰ।

ਸਾਗਰ ਭਰਿਆ ਕਹਿਰ ਦਾ
ਸਿਰ ਤੇ ਕਾਲੀ ਰਾਤ,
ਛੁੱਟੇ ਹੱਥ ਮੁਹਾਰੀਆਂ
ਬੇੜਾ ਕੱਪਰ ਵਾਤ।

ਗੋਰੇ ਚਿੱਟੇ ਨਾਗ ਨੂੰ
ਦੁੱਧੀਂ ਲੀਤਾ ਪਾਲ
ਸੌ ਸੌ ਚਾਲਾਂ ਚੱਲਦੀ
ਸਾਮਰਾਜ ਦੀ ਚਾਲ ।

ਮੇਰੇ ਖ਼ੂਨੀ ਸਫ਼ੇ ਤੋਂ
ਹੁਣ ਵੀ ਆਵੇ ਸੇਕ
ਜੱਲ੍ਹਿਆਂ ਵਾਲੇ ਬਾਗ਼ ਦਾ
ਸੀਨਾ ਛੇਕੋ ਛੇਕ ।

ਸੱਭੇ ਹਾਕਮ-ਗੋਲੀਆਂ
ਹਿੱਕੋਂ ਗਈਆਂ ਲੰਘ
ਰੱਤ ਗੜੁੱਚੇ ਰੋ ਪਏ
ਧਰਤੀ ਮਾਂ ਦੇ ਅੰਗ ।

ਰੁੱਤ ਫਿਰੀ ਵਣ ਕੰਬਿਆ
ਵਣ ਵਣ ਕੰਬੇ ਪੱਤ
ਪੰਜਾਂ ਦੇ ਵਿਚ ਵੱਗਦਾ
ਛੇਵਾਂ ਪਾਣੀ ਰੱਤ ।

ਭਗਤ ਸਿੰਘ ਇਕ ਸੂਰਮਾ
ਚੜ੍ਹਿਆ ਸ਼ਾਹ-ਅਸਵਾਰ
ਕੋਠੀ ਧਮਕਾਂ ਉੱਠੀਆਂ
ਮਹਿਲੀਂ ਪੈ ਗਈ ਵਾਹਰ

ਹਾਕਮ ਸੀਨੇ-ਜ਼ੋਰੀਆਂ
ਕੌਣ ਪਛਾਣੇ ਹੱਕ ?
ਰੋਈ ਗ਼ੁਲਾਮੀ ਦੇਸ ਦੀ
ਰੋ ਪਏ ਚਾਰੇ ਚੱਕ ।

ਕਹਿਰ ਅਤੇ ਕੁਰਲਾਹਟ ਦੀ
ਪਈ ਪੰਜਾਬੇ ਧੁੰਮ
ਕੜੀਆਂ ਜਹੇ ਜਵਾਨ ਨੇ
ਫ਼ਾਂਸੀ ਲੀਤੀ ਚੁੰਮ

ਬਲੀਦਾਨ ਦੇ ਲਹੂ ਨੇ
ਰੰਗੀ ਸਿਰ ਦੀ ਮਾਂਗ
ਧਰਤੀ ਸਾਲੂ ਚੁੰਮਿਆ
ਸਦਾ ਸੁਹਾਗਣ ਵਾਂਗ ।

ਪੁੱਤਰ ਦੇਸ ਪੰਜਾਬ ਦੇ
ਖਾਣ ਕਚੀਚੀ ਵੱਤ
ਉਠਿਆ ਸ਼ੇਰ ਪੰਜਾਬ ਜੁ :
"ਰੱਖਾਂ ਲਾਜ ਤੇ ਪੱਤ"

ਲੱਖ ਆਵਾਜ਼ਾਂ ਬੋਲੀਆਂ
ਹੋ ਕੇ ਇਕ ਆਵਾਜ਼ :
"ਦੇ ਕੇ ਸੋਹਣੇ ਸਿਰਾਂ ਨੂੰ
ਲਈਏ ਦੇਸ ਵਿਹਾਜ।

ਕਿੱਕਰਾ ਵੇ ਕੰਡਿਆਲਿਆ
ਉੱਤੋਂ ਚੜ੍ਹਿਆ ਚੇਤ
ਜਾਗ ਪਈਆਂ ਅੱਜ ਪੈਲੀਆਂ
ਜਾਗ ਪਏ ਅੱਜ ਖੇਤ।

ਕਿੱਕਰਾ ਵੇ ਕੰਡਿਆਲਿਆ
ਚੜ੍ਹਿਆ ਅੱਜ ਵਸਾਖ
ਸਾਮਰਾਜ ਦੇ ਮੂੰਹ ਤੇ
ਉੱਡ ਉੱਡ ਪੈਂਦੀ ਰਾਖ।

ਕਿੱਕਰਾ ਵੇ ਕੰਡਿਆਲਿਆ
ਉਤੋਂ ਚੜ੍ਹਿਆ ਜੇਠ
ਉੱਸਲ ਵੱਟੇ ਭੰਨਦੀ
ਧਰਤੀ ਤੇਰੇ ਹੇਠ ।

ਕਿੱਕਰਾ ਵੇ ਕੰਡਿਆਲਿਆ
ਉੱਤੋਂ ਚੜ੍ਹਿਆ ਹਾੜ
ਕਿੰਨਾ ਕੁ ਚਿਰ ਹੰਢਦੀ
ਕੱਖ ਕਾਣ ਦੀ ਆੜ ।

ਕਿੱਕਰਾ ਵੇ ਕੰਡਿਆਲਿਆ
ਅੱਗੋਂ ਚੜ੍ਹਿਆ ਸੌਣ
ਦਾਵਾਨਲ ਹੈ ਸਮੇਂ ਦੀ
ਰੋਕ ਸਕੇ ਅੱਜ ਕੌਣ !

ਕਿੱਕਰਾ ਵੇ ਕੰਡਿਆਲਿਆ
ਭਾਦੋਂ ਹੈ ਇਸ ਵੇਰ
ਵੇਲਣ ਵਿਚ ਨਪੀੜੀਆਂ
ਛਿੱਲਾਂ ਉਗੀਆਂ ਫੇਰ ।

ਕਿੱਕਰਾ ਵੇ ਕੰਡਿਆਲਿਆ
ਅੱਸੂੰ ਚੜ੍ਹਿਆ ਅੱਜ
ਅੱਜ ਨਾ ਲਾਰੇ ਲੱਗਦੇ
ਅੱਜ ਨਾ ਪੈਂਦੇ ਪੱਜ ।

ਕਿੱਕਰਾ ਵੇ ਕੰਡਿਆਲਿਆ
ਕੱਤਕ ਬਦਲੇ ਤੌਰ
ਨਵੇਂ ਜੁਗਾਂ ਦੇ ਬੁੱਤ ਵਿਚ
ਨਵੇਂ ਲਹੂ ਦਾ ਦੌਰ

ਕਿੱਕਰਾ ਵੇ ਕੰਡਿਆਲਿਆ
ਮੱਘਰ ਚੜ੍ਹਿਆ ਆਨ
ਕੋਈ ਇਕ ਪੱਤਰੀ ਲੋਹੇ ਦੀ
ਜੀਕਣ ਚੜ੍ਹਦੀ ਸਾਨ

ਕਿੱਕਰਾ ਵੇ ਕੰਡਿਆਲਿਆ
ਉੱਤੋਂ ਚੜ੍ਹਿਆ ਪੋਹ
ਹੱਕ ਜਿਨ੍ਹਾਂ ਦੇ ਆਪਣੇ
ਆਪ ਲੈਣਗੇ ਖੋਹ ।

ਕਿੱਕਰਾ ਵੇ ਕੰਡਿਆਲਿਆ
ਉੱਤੋਂ ਚੜ੍ਹਿਆ ਮਾਘ
ਕਰਨ ਸਵਾਰੀ ਸਮੇਂ ਤੇ
ਫੜਨ ਸਮੇਂ ਦੀ ਵਾਗ।

ਕਿੱਕਰਾ ਵੇ ਕੰਡਿਆਲਿਆ
ਫੱਗਣ ਚੜ੍ਹਿਆ ਆਨ
ਲੋਕਾਂ ਦੇ ਇਸ ਜੁਗ ਵਿਚ
ਲੋਕ ਚੜ੍ਹਨ ਪਰਵਾਨ।"

ਇਹ ਜੁ ਭੱਠੀ ਇਸ਼ਕ ਦੀ
ਮਹਿਰਾ ਬਣਿਆ ਦੇਸ
ਆਸ਼ਕ ਦਾਣੇ ਭੁੱਜਦੇ
ਮੌਤ ਰੰਗੀਲਾ ਵੇਸ।

ਛੱਤ ਕਬੀ ਦੇਸ ਦੀ
ਗਈ ਦੀਵਾਰਾਂ ਝੂਣ
ਪੈਰ ਜ਼ੰਜੀਰਾਂ ਕਹਿੰਦੀਆਂ
"ਸਿਰ ਤੇ ਚੜ੍ਹਿਆ ਖ਼ੂਨ"

ਕਰੜੀ ਹੋ ਗਈ ਘਾਲਣਾ
ਦਿਨ ਦਿਨ ਔਖਾ ਪੰਧ
ਚੜ੍ਹਦੇ ਸਾਲ ਬਤਾਲੀਏਂ
ਲੋਕੀ ਖਾਣ ਸੁਗੰਧ :

"ਇਹ ਜੁ ਛੱਬੀ ਜਨਵਰੀ
ਮੂੰਹੋਂ ਦੇਈਏ ਕੌਲ
ਝੁੱਲ੍ਹਣ ਰੱਤਾਂ ਸੁੱਚੀਆਂ
ਪਾਲਣ ਸਾਡੇ ਬੋਲ"

੭

"ਸੁਣ ਨੀ ਧੀਏ ਮੇਰੀਏ
ਦਰਦ ਮੰਦਾਂ ਦਾ ਹਾਲ
ਜਾਤੀ ਨਾ ਪੰਜਾਬ ਨੇ
ਸਾਮਰਾਜ ਦੀ ਚਾਲ

ਛੰਨਾ ਭਰਿਆ ਦੁੱਧ ਦਾ
ਕਾਂਜੀ ਦੀ ਇਹ ਛਿੱਟ
ਬਿਜਲੀ ਵਾਕਰ ਹੋਣੀਆਂ
ਅੰਬਰੋਂ ਪਈਆਂ ਟੁੱਟ

ਹੋਣੀ ਚੜ੍ਹੀ ਜੁ ਚੜ੍ਹਦਿਓਂ
ਧਰਿਆ ਪੈਰ ਰਕਾਬ
ਉੱਤਰ ਖੁਰੀਂ ਮਧੋਲਦੀ
ਤੱਕਿਆ ਸਭ ਪੰਜਾਬ।

ਕੰਬੇ ਧਰਤ ਆਕਾਸ਼ ਦੋਏ
ਸੁਣ ਟਾਪਾਂ ਦੀ ਵਾਜ
ਕੰਬੀ ਭਾਰਤ ਮਾਂ ਨੀ
ਕਿਹੜਾ ਰੱਖੇ ਲਾਜ !

ਕੋਈ ਨਾ ਜੰਮਿਆ ਮਾਂ ਨੇ
ਮੋੜੇ ਇਸ ਦੀ ਵਾਗ
ਕੋਈ ਨਾ ਜੰਮਿਆਂ ਮਾਂਦਰੀ
ਕੀਲੇ ਕਾਲਾ ਨਾਗ।

ਪੂਰੇ ਵੀਹ ਸੌ ਤਿੰਨ ਦਾ
ਘਟਦਾ ਸੰਮਤ ਸੀ
ਵਧੇ ਫੁਲੇ ਪੰਜਾਬ ਦੀ
ਵਧੀ ਵੀ ਘਟ ਗਈ।

ਉਚੀਆਂ ਲੰਮੀਆਂ ਪੈਲੀਆਂ
ਸੂਹੇ ਸਾਵੇ ਪੱਤ
ਨਿੱਕੀ ਜਿਹੀ ਇਕ ਚਿਣਗ ਉਸ
ਖਲਵਾੜੇ ਦਿੱਤੀ ਘੱਤ ।

ਧੁਖਦੀ ਅੰਦਰੋ ਅੰਦਰੀ
ਚੇਤਰ ਚੜ੍ਹਿਆ ਆਨ
ਸੂਹੀਆਂ ਲਾਟਾਂ ਲਿਸ਼ਕੀਆਂ
ਲੋਹਾ ਚੜ੍ਹਿਆ ਸਾਨ ।

ਪਾਣੀ ਪੰਜ ਦਰਿਆਂ ਦੇ
ਬਣ ਗਏ ਤੱਤੇ ਤੇਲ
ਬਲਦੀ ਉੱਤੇ ਬਾਲਦੇ
ਤੱਕ ਹੋਣੀ ਦੇ ਖੇਲ ।

ਜ਼ਿਮੀਂ ਸਿਆੜਾਂ ਪਾਂਦਿਆਂ
ਹੱਥੋਂ ਛੁੱਟੇ ਬੀਅ
ਚਰਖੇ ਤੰਦ ਵਲਾਂਦਿਆਂ
ਪੂਣੀ ਛੁੱਟ ਗਈ ।

ਕੜਛੀ ਛੁੱਟੀ ਹਾਂਡੀਓਂ
ਘੜਿਓਂ ਛੁੱਟੀ ਲੱਜ
ਚੀਰੇ ਛੁੱਟੇ ਸਿਰਾਂ ਤੋਂ
ਵੀਣੀਓਂ ਵੰਗਾਂ ਭੱਜ ।

ਮਾਹਲ ਟੁੱਟੀ ਸਣ ਮਣਕਿਆਂ
ਸਣੇ ਗਾਧੀਆਂ ਬੈਲ
ਹਰਨ ਮੋਏ ਸਣ ਚੁੰਗੀਆਂ
ਮੋਰ ਮੋਏ ਸਣ ਪੈਲ ।

ਕਿੱਚਰ ਜੀਉਣਾ ਰੁੱਖ ਨੇ
ਕਿੱਚਰ ਰੁੱਖ ਦੀ ਛਾਂ
ਸਿਉਂਕ ਲੱਗੀ ਧੁਰ ਜੜ੍ਹਾਂ ਤੋਂ
ਪੱਛਣ ਕਿਸ ਨੂੰ ਜਾਂ ?

ਕਹੀ ਕੁ ਝੁੱਲੀ ਪੌਣ ਇਹ,
ਕਹੀ ਕੁ ਵੱਗੀ ਵਾ
ਪਾਈਆਂ ਕਿਹਨੇ ਕਹਾਣੀਆਂ
ਰਾਹੀ ਨਾ ਜਾਨਣ ਰਾਹ ।

"ਧੀਏ ਨੀ ਸੁਣ ਮੇਰੀਏ
ਚੜਿਆ ਫੇਰ ਵਸਾਖ
ਨਵੀਂ ਸਦੀ ਦੇ ਮੂੰਹ ਤੇ
ਉਡ ਉਡ ਪੈਂਦੀ ਰਾਖ

ਧੀਏ ਨੀ ਸੁਣ ਮੇਰੀਏ
ਉਤੋਂ ਚੜ੍ਹਿਆ ਜੇਠ
ਸਿਰ ਤੇ ਕੋਈ ਆਕਾਸ਼ ਨਾ
ਜ਼ਿਮੀ ਨਾ ਪੈਰਾਂ ਹੇਠ

ਧੀਏ ਨੀ ਸੁਣ ਮੇਰੀਏ
ਉਤੋਂ ਚੜ੍ਹਿਆ ਹਾੜ
ਐਵੇਂ ਮੂੰਹ ਦੀਆਂ ਗਿਣਤੀਆਂ
ਖੇਤ ਨੂੰ ਖਾਂਦੀ ਵਾੜ

ਧੀਏ ਨੀ ਸੁਣ ਮਰੀਏ
ਉਤੋਂ ਚੜ੍ਹਿਆ ਸੌਣ
ਆਪ ਬੁਲਾਈਆਂ ਹੋਣੀਆਂ
ਰੋਕਣ ਵਾਲਾ ਕੌਣ ?"

ਸੂਰਜ ਕਿਰਣਾਂ ਮੁੱਕੀਆਂ
ਮੰਗੀ ਮਿਲੇ ਨਾ ਆਸ
ਰਾਤਾਂ ਬਦਲੇ ਖੋਰੀਆਂ
ਛੁਰੀਆਂ ਚੁੰਮਣ ਮਾਸ

ਸ਼ਮ੍ਹਾ ਝੁਕਾਈਆਂ ਅੱਖੀਆਂ
ਚਾਨਣ ਕੀਤੀ ਕੰਡ
ਜਾਮ ਭਰੇ ਭਰ ਵਿਹੁ ਦੇ
"ਸਾਕੀ" ਦਿੱਤੇ ਵੰਡ

ਉੱਜੜ ਗਈਆਂ ਮਹਿਫ਼ਲਾਂ
ਸਾਹ ਤੋੜਦੇ ਰਿੰਦ
ਅੰਬਰ ਕਾਲਾ ਹੋ ਗਿਆ
ਤਾਰੇ ਤੋੜਣ ਜਿੰਦ

ਪੁੱਠੀ ਛੁਰੀ "ਈਮਾਨ" ਦੀ
ਬੈਠੀ ਕੋਹੇ ਮਨੁੱਖ
ਫੇਰ ਕੁਹਾੜੀ "ਧਰਮ" ਦੀ
ਬੈਠੀ ਵੱਢੇ ਰੁੱਖ

ਸੁਣ ਨੀ ਧੀਏ ਮੇਰੀਏ !
ਪਏ ਅਚਿੰਤੇ ਬਾਜ
ਨਣ ਨਾ ਜਿੱਥੇ ਪਹੁੰਚਦੇ
ਆਵੇ ਓਥੋਂ ਵਾਜ :

"ਮੈਂ ਹਾਂ ਧੀ ਪੰਜਾਬ ਦੀ
ਫੁੱਟੇ ਅੱਜ ਨਸੀਬ
ਕੀਕਣ ਦੱਸਾਂ ਬੋਲ ਕੇ
ਟੁੱਕੀ ਗਈ ਮੇਰੀ ਜੀਭ ।

ਨੂੜੇ ਹੋਏ ਮੇਰੇ ਹੱਥ ਵੇ
ਜੂੜੇ ਹੋਏ ਮੇਰੇ ਪੈਰ
ਕਿਹਾ ਕੁ ਡਿੱਗਾ ਜ਼ੁਲਮ ਵੇ
ਕਿਹਾ ਕੁ ਢੱਠਾ ਕਹਿਰ ।

ਮੱਥੇ ਉਤੇ ਲੇਖ ਵੇ
ਸ਼ੂਕਣ ਕਾਲੇ ਨਾਗ
ਮੈਂ ਸੋਹਣੀ ਪੰਜਾਬ ਦੀ
ਵੇਖ ਤੱਤੀ ਦੇ ਭਾਗ ।

ਕਿਸਮਤ ਮੇਰੀ ਸੌਂ ਗਈ
ਜਾਗੇ ਕੁੱਲ ਜਹਾਨ
ਜਾਣੇ ਮੇਰਾ ਰੱਬ ਵੇ
ਜਾਣੇ ਮੇਰਾ ਈਮਾਨ

ਪਾੜਾਂ ਸੂਹੀਆਂ ਚੋਲੀਆਂ
ਖੋਹਲਾਂ ਬਾਜੂ ਬੰਦ
ਭੱਜਾਂ ਟੁੱਟਾਂ ਠੀਕਰੀਂ
ਹੋਵਾਂ ਤੰਦੋ ਤੰਦ

ਹੋਵਾਂ ਲੀਰੋ ਲੀਰ ਵੇ
ਹੋਵਾਂ ਤਾਰੋ ਤਾਰ
ਆਓ ਤੂਫ਼ਾਨੋ ਹੜ੍ਹੋ ਵੇ
ਡੁੱਬਾਂ ਜਾ ਵਿਚਕਾਰ

ਕੀ ਹੋਇਆ ਜੇ ਦਿਸਦੇ
ਸਾਬਤ ਇਹ ਕਲਬੂਤ
ਕੀ ਮੈਂ ਜੀਊਂਦੀ ਜਾਗਦੀ
ਦੱਸੋ ਕੋਈ ਸਬੂਤ ?

ਉਡਦੀ ਉਡਦੀ ਆਏ ਵੇ
ਪਰਲੇ ਪਾਰੋਂ ਸੋਅ
ਜੰਮਣ ਵਾਲੇ ਜੀਊਣ ਵੇ
ਪਵੇ ਕੋਈ ਕਨਸੋ

ਰਾਹੀਆ ਰਾਹ ਰਾਹ ਜਾਂਦਿਆ
ਸੁਣ ਜਾਈਂ ਮੇਰੀ ਗੱਲ
ਗਿੱਟੇ ਗੋਡੇ ਭੰਨ ਕੇ
ਕੀਕਣ ਆਵਾਂ ਚੱਲ

ਕਿੱਥੇ ਮੇਰੀ ਅੰਮੜੀ
ਜਿੰਨ੍ਹਾਂ ਜਾਈ ਸਾਂ
ਨਾ ਚੱਪੂ ਨਾ ਬੇੜੀਆਂ
ਕੀਕਣ ਤਰਾਂ ਝਨਾਂ !

ਕਿੱਥੇ ਗਈਆਂ ਗੁੱਡੀਆਂ
ਗਏ ਪਟੋਲੇ ਨਾਲ
ਕਿੱਥੇ ਮਹਿੰਦੀ ਰਾਂਗਲੀ
ਕਿੱਥੇ ਸਾਲੂ ਲਾਲ !

ਕਿਸੇ ਨਾ ਗੁੰਦੀਆਂ ਮੇਢੀਆਂ
ਕਿਸੇ ਨਾ ਪਾਏ ਫੁੱਲ
ਕਿਸੇ ਨਾ ਪਾਇਆ ਚੌਂਕ ਵੇ
ਜ਼ੁਲਫ਼ਾਂ ਗਈਆਂ ਖੁੱਲ੍ਹ ।

ਕਿਸੇ ਨਾ ਡੋਲੀ ਪਾਈ ਵੇ
ਕਿਸੇ ਨਾ ਗਾਏ ਸੁਹਾਗ
ਕਿਸੇ ਨਾ ਗਾਈਆਂ ਘੋੜੀਆਂ
ਕਿਸੇ ਨਾ ਮੰਗਿਆ ਲਾਗ ।

ਕਿਸੇ ਰੱਬ ਦੇ ਰੂ-ਬਰੂ
ਕੀਤਾ ਨਾ ਇਕਰਾਰ
ਕਿਸੇ ਨਾ ਪਾਣੀ ਚੱਖਿਆ
ਮੇਰੇ ਸਿਰ ਤੋਂ ਵਾਰ ।

ਕਿਸੇ ਨਾ ਖੋਹਲੀ ਪੱਤਰੀ
ਕਿਸੇ ਨਾ ਕੀਤਾ ਕਾਜ
ਸਰੇ ਬਜ਼ਾਰੀਂ ਰੁਲੀ ਵੇ
ਉੱਚੇ ਘਰ ਦੀ ਲਾਜ ।

ਕਿੱਥੇ ਰਾਣੀ ਮਾਂ ਨੀ
ਕਿੱਥੇ ਰਾਜਾ ਬਾਪ ?
ਹਰੀ ਚੰਦ ਦੀ ਨਾਰ ਨੂੰ
ਦਿੱਤਾ ਕਿਹਨੇ ਸਰਾਪ ?

ਕਿੱਥੇ ਮਾਂ ਦੀ ਜਾਈ ਵੇ
ਕਿਥੇ ਭੈਣ ਦੇ ਵੀਰ ?
ਲਹੂ ਮਾਸ ਦੀ ਸਾਂਝ ਨੂੰ
ਕਿਸ ਨੇ ਦਿੱਤਾ ਚੀਰ

ਕਿੱਥੇ ਅੰਗ ਸਹੇਲੀਆਂ
ਕਿੱਥੇ ਪਿੰਡ ਗਿਰਾਂ
ਕੀ ਕੀ ਮੈਨੂੰ ਬੀਤੀਆਂ
ਕਿਸ ਨੂੰ ਦਸਣ ਜਾਂ

ਅੰਗਾਂ ਨਾਲੋਂ ਅੰਗ ਵੇ
ਕਿਸ ਨੇ ਦਿੱਤੇ ਤੋੜ ?
ਕੱਚੇ ਘੜੇ ਵਿਹਾਜ ਕੇ
ਕਿਸ ਨੇ ਦਿੱਤਾ ਰੋਹੜ ?

ਮੂੰਹ ਨਾ ਦਿੱਸੇ ਗਗਨ ਦਾ
ਚੜ੍ਹੀ ਜੁ ਸੂਹੀ ਰੱਤ
ਰੁੱਖ ਕੰਬੇ ਸਣ ਟਾਹਣੀਆਂ
ਸਣੇ ਬੂਰ ਦੇ ਪੱਤ

ਕਿੱਥੇ ਜੰਮਣ ਵਾਲੜੇ
ਕਿੱਥੇ ਸੱਜਣ ਸੈਣ
ਤੱਤੀ ਧੀ ਪੰਜਾਬ ਦੀ
ਰੋਣ ਤੱਤੀ ਦੇ ਨੈਣ

ਜ਼ਿਮੀ ਹੋਈ ਦੋ ਫਾੜ ਵੇ
ਕਿਸੇ ਨਾ ਮੰਗੀ ਰੱਖ
ਲਹੂਆਂ ਨਾਲੋਂ ਲਹੂ ਵੇ
ਕਿਸ ਨੇ ਕੀਤੇ ਵੱਖ

ਜ਼ੋਰ ਜ਼ਬਰ ਦੀ ਹੱਦ ਵੇ
ਅੱਤਾਂ ਦੀ ਭਰਮਾਰ
ਵਿਕਿਆ ਧਰਮ ਈਮਾਨ ਵੇ
ਵਿਕੀ ਦੇਸ ਦੀ ਨਾਰ।

ਧੀਏ ਨੀ ਸੁਣ ਮੇਰੀਏ !
ਖ਼ੂਨ–ਝਨਾਵਾਂ ਲੰਘ
ਅਜੇ ਵੀ ਸੱਜਰੇ ਲਹੂ ਵਿਚ
ਭਿੱਜੇ ਹੋਏ ਮੇਰੇ ਅੰਗ

ਪਾਤਸ਼ਾਹ ਮੈਂ ਦਿਲਾਂ ਦੇ
ਵਿੱਤੇ ਇਸ ਤੋਂ ਘੋਲ
ਵਣਜੀ ਘੜੀ ਸੁਲੱਖਣੀ
ਲਹੂ ਦੀ ਤਕੜੀ ਤੋਲ

ਧੀਏ ਨੀ ਸੁਣ ਮੇਰੀਏ
ਮੇਰੀ ਜੀਵਨ-ਬਾਤ
ਮੇਰੇ ਸਿਰ ਤੇ ਪਈ ਸੀ
ਸੌ ਸਾਲਾਂ ਦੀ ਰਾਤ

ਪਰੀ ਸੁਤੰਤਰਤਾ ਦੀ
ਸੁੱਤੀ ਪੱਲੜੇ ਤਾਣ
ਪੰਧ ਚੀਰ ਕੇ ਪਹੁੰਚਿਆ
ਲੋਕ-ਰਾਜ ਇਕ ਜੁਆਨ

ਲੋਕ-ਰਾਜ ਸ਼ਾਹਜ਼ਾਦੜਾ
ਜਿਉਂ ਹੀ ਛੋਹੇ ਅੰਗ
ਟੁੱਟੇ ਜਾਦੂ ਟੂਨੜੇ
ਜਾਗ ਪਈ ਉਹਦੀ ਮੰਗ।

ਕਰਨ ਬਹਾਰਾਂ ਚੌਰੀਆਂ
ਚਾਨਣ ਧੋਵੇ ਪੈਰ
ਲੋਕ-ਰਾਜ ਦੇ ਬੁੱਤ ਦੀ
ਧਰਤੀ ਮੰਗੇ ਖ਼ੈਰ।

# ਅੰਤਕਾ

ਧੀ : "ਮਾਏ ਨੀ ਸੁਣ ਮੇਰੀਏ !
ਰੱਤ ਉਬਾਲੇ ਔਣ ।
ਜਿੰਨ੍ਹਾਂ ਇਸ਼ਕ ਅਵੱਲੜੇ
ਬਿੰਦ ਨਾ ਗ਼ਾਫ਼ਲ ਸੌਣ ।

ਸੂਰਜ ਸੁੱਚਾ ਚਾਨਣਾ
ਇਹ ਲੋਕਾਂ ਦਾ ਜੁੱਗ
ਲੱਖ ਹਨੇਰੇ ਖੇਡਦੇ
ਚਾਨਣ ਜਾਂਦੇ ਪੁੱਗ ।"

ਮਾਂ : "ਧੀਏ ਨੀ ਸੁਣ ਮੇਰੀਏ
ਤੈਨੂੰ ਰਹੀ ਉਡੀਕ
ਅਗਲਾ ਸਫ਼ਾ ਭਵਿੱਖ ਦਾ
ਪਾਈਂ ਸੁਨਹਿਰੀ ਲੀਕ ।

ਹੱਥ ਫੜਾਵਾਂ ਕਾਨੀਆਂ
ਕਾਗ਼ਜ਼ ਕੋਰ ਨਿਕੋਰ
ਲੋਕ-ਕਥਾ ਦੀ ਤੰਦ ਨੂੰ
ਹੁਣ ਤੂੰ ਅੱਗੇ ਤੋਰ ।"

# ਸੰਕੇਤਕਾ

| | | |
|---|---|---|
| ਚੌਦਾਂ ਸਹੇਲੀਆਂ | : | ਭਾਰਤ ਦੀਆਂ ਚੌਦਾਂ ਜ਼ਬਾਨਾਂ |
| ਹੀਰ | : | ਪੰਜਾਬੀ |
| ਪਹਿਲਾ ਵਾਕ | : | ਰਿਗ ਵੇਦ |
| ਅਗਲਾ ਬੋਲ | : | ਲੋਕ-ਗੀਤ |
| ਬਹੁਰੂਪੀਆ | : | ਅੰਗ੍ਰੇਜ਼ |
| ਮਾਂਦਰੀ | : | ਰਾਜਨੀਤਕ ਆਗੂ |
| ਕਾਲਾ ਨਾਗ | : | ਲੋਕ-ਨਫ਼ਰਤ |